ਇਸ ਵਾਰ ਕ੍ਰਿਸਮਸ ਅਤੇ ਨਵਾਂ ਸਾਲ ਮਨਾਓ
ਕੈਨੇਡਾ
ਸ਼ੈਨੇਗਨ/ ਯੂ.ਕੇ./ ਆਸਟ੍ਰੇਲੀਆ ਟੂਰਿਸਟ ਵੀਜ਼ਾ
ਬਹੁਤ ਸਾਰੇ ਲੋਕ ਈਜ਼ੀ ਵੀਜ਼ਾ ਦੀ ਸਹੀ ਸਲਾਹ ਨਾਲ ਵਿਦੇਸ਼ ਜਾਣ ਦਾ ਸੁਪਨਾ ਕਰ ਚੁੱਕੇ ਹਨ ਸਾਕਾਰ
easyvisa
81980 95553

ਸੱਚ ਤੇ ਨਿਡਰ ਆਵਾਜ਼
ਰੋਜ਼ਾਨਾ
# ਲੋਕ ਬਾਣੀ
DAILY LOKBANI JALANDHAR
ਮੁੱਖ ਸੰਪਾਦਕ : ਅਮਨਦੀਪ ਮਹਿਰਾ
ਐਤਵਾਰ, 12 ਅਕਤੂਬਰ 2024
Email:- lokbani08@gmail.com

**ਅੱਜ ਦਾ ਸ਼ੁਭ ਵਿਚਾਰ**



ਸਾਨੂੰ ਪੜ੍ਹੇ ਲਿਖੇ ਅਤੇ ਅਗਾਹ ਵਧੂ ਸੋਚ ਰੱਖ ਵਾਲੇ ਨੌਜਵਾਨ ਉਮੀਦਵਾਰ ਤੇ ਹੱਕ ਵਿੱਚ ਵੋਟ ਕਰਨੀ ਚਾਹੀਦੀ ਹੈ। ਫਿਰ ਹੀ ਪਿੰਡ ਤਰੱਕੀ ਕਰ ਸਕਦਾ ਹੈ।

ਬਹਾਦਰ ਸਿੰਘ ਢੰਡਾ

ਰੋਜ਼ਾਨਾ ਲੋਕ ਬਾਣੀ
www.lokbani.com

R. N. I. Punpun/29016/2008 ✶ ਸਾਲ 16 , ✶ ਅੰਕ : 124, ✶ ਮੁੱਲ : 6 ਰੁਪਏ ✶ ਕੁੱਲ ਪੇਜ: 10 ✶ ਦਫਤਰ : 0181–2211009 ✶ M : 99155-94111

## ਦੇਸ਼ਾਂ ਵਿਦੇਸ਼ਾਂ ਵਿੱਚ ਵਸਦੇ ਰੋਜ਼ਾਨਾ ਲੋਕ ਬਾਣੀ ਦੇ ਪਾਠਕਾਂ ਨੂੰ ਦੁਸਹਿਰੇ ਦੀਆਂ ਮੁਬਾਰਕਾਂ

ਇਸ ਵਾਰ ਕ੍ਰਿਸਮਸ ਅਤੇ ਨਵਾਂ ਸਾਲ ਮਨਾਓ
ਕੈਨੇਡਾ
ਸ਼ੈਨੇਗਨ/ ਯੂ.ਕੇ./ ਆਸਟ੍ਰੇਲੀਆ ਟੂਰਿਸਟ ਵੀਜ਼ਾ
ਬਹੁਤ ਸਾਰੇ ਲੋਕ ਈਜ਼ੀ ਵੀਜ਼ਾ ਦੀ ਸਹੀ ਸਲਾਹ ਨਾਲ ਵਿਦੇਸ਼ ਜਾਣ ਦਾ ਸੁਪਨਾ ਕਰ ਚੁੱਕੇ ਹਨ ਸਾਕਾਰ
easyvisa | 81980 95553

## ਭਾਰਤ ਨੇ ਬੰਗਲਾਦੇਸ਼ ਨੂੰ ਟੀ-20 ਮੈਚ ਵਿਚ ਹਰਾਇਆ

**ਹੈਦਰਾਬਾਦ, ਲੋਕ ਬਾਣੀ-** ਇੱਥੇ ਖੇਡੇ ਜਾ ਰਹੇ ਟੀ-20 ਲੜੀ ਦੇ ਤੀਜੇ ਮੈਚ ਵਿਚ ਭਾਰਤ ਨੇ ਬੰਗਲਾਦੇਸ਼ ਨੂੰ 133 ਦੌੜਾਂ ਨਾਲ ਹਰਾ ਦਿੱਤਾ ਹੈ। ਬੰਗਲਾਦੇਸ਼ ਦੀ ਟੀਮ ਵੀਹ ਓਵਰਾਂ ਵਿਚ ਸੱਤ ਵਿਕਟਾਂ ਦੇ ਨੁਕਸਾਨ ਨਾਲ 164 ਦੌੜਾਂ ਹੀ ਬਣਾ ਸਕੀ। ਇਸ ਤੋਂ ਪਹਿਲਾਂ ਭਾਰਤੀ ਟੀਮ ਨੇ ਨਿਰਧਾਰਿਤ 20 ਓਵਰਾਂ ਵਿਚ ਛੇ ਵਿਕਟਾਂ ਦੇ ਨੁਕਸਾਨ ਨਾਲ ਰਿਕਾਰਡ 297 ਦੌੜਾਂ ਬਣਾਈਆਂ ਸਨ। ਇਨ੍ਹਾਂ ਦੌੜਾਂ ਵਿਚ ਭਾਰਤੀ ਖਿਡਾਰੀ ਸੰਜੂ ਸੈਮਸਨ ਦਾ ਖਾਸ ਯੋਗਦਾਨ ਰਿਹਾ, ਉਸ ਨੇ 47 ਗੇਂਦਾਂ 'ਤੇ 111 ਦੌੜਾਂ ਦੀ ਤੂਫਾਨੀ ਪਾਰੀ ਖੇਡੀ।



ਇਨ੍ਹਾਂ ਦੌੜਾਂ ਦਾ ਪਿੱਛਾ ਕਰਦਿਆਂ ਬੰਗਲਾਦੇਸ਼ ਦੇ ਖਿਡਾਰੀ ਟਿਕ ਨਾ ਸਕੇ ਤੇ ਮਹਿਮਾਨ ਟੀਮ ਦੀਆਂ ਵਿਕਟਾਂ ਲਗਾਤਾਰ ਵਕਫੇ 'ਤੇ ਡਿੱਗਦੀਆਂ ਗਈਆਂ। ਭਾਰਤੀ ਖਿਡਾਰੀ ਮੈਚ ਸ਼ੁਰੂ ਹੋਣ ਤੋਂ ਲੈ ਕੇ ਅੰਤ ਤਕ ਬੰਗਲਾਦੇਸ਼ 'ਤੇ ਹਾਵੀ ਰਹੇ।

## ਮੁੰਬਈ ਚ ਐਨਸੀਪੀ ਆਗੂ ਸਿੱਦੀਕੀ ਦੇ ਗੋਲੀਆਂ ਮਾਰ ਕੀਤਾ ਗਿਆ ਕਤਲ

**ਮੁੰਬਈ, ਲੋਕ ਬਾਣੀ**-ਮਹਾਰਾਸ਼ਟਰ ਦੇ ਸਾਬਕਾ ਮੰਤਰੀ ਤੇ ਰਾਸ਼ਟਰਵਾਦੀ ਕਾਂਗਰਸ ਪਾਰਟੀ (ਐੱਨਸੀਪੀ) ਦੇ ਆਗੂ ਬਾਬਾ ਜ਼ਿਆਊਦੀਨ ਸਿੱਦੀਕੀ ਉਰਫ਼ ਬਾਬਾ ਸਿੱਦੀਕੀ ਦੀ ਅੱਜ ਸ਼ਾਮ ਮੁੰਬਈ ਦੇ ਬਾਂਦਰਾ ਪੂਰਬੀ ਇਲਾਕੇ 'ਚ ਅਣਪਛਾਤੇ ਵਿਅਕਤੀਆਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਪੁਲੀਸ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਵਾਰਦਾਤ ਮਗਰੋਂ ਮਹਾਰਾਸ਼ਟਰ ਦੇ ਸਾਬਕਾ ਮੰਤਰੀ ਬਾਬਾ ਸਿੱਦੀਕੀ ਨੂੰ ਨੇੜੇ ਦੇ ਲੀਲਾਵਤੀ ਹਸਪਤਾਲ 'ਚ ਦਾਖਲ ਕਰਵਾਇਆ ਗਿਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਅਧਿਕਾਰੀ



ਮੁਤਾਬਕ ਐੱਨਸੀਪੀ ਆਗੂ 'ਤੇ ਹਮਲਾ ਨਿਰਮਲ ਨਗਰ 'ਚ ਕੋਲਗੇਟ ਗਰਾਊਂਡ ਨੇੜੇ ਉਨ੍ਹਾਂ ਦੇ ਵਿਧਾਇਕ ਬੇਟੇ ਜ਼ੀਸ਼ਾਨ ਸਿੱਦੀਕੀ ਦੇ ਦਫ਼ਤਰ ਸਾਹਮਣੇ ਕੀਤਾ ਗਿਆ।

B.N REAL ESTATE
( ਪ੍ਰਾਪਰਟੀ ਡੀਲਰ )
ਐਗਰੀਕਲਚਰ ਲੈਂਡ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ |

91000-79-579 | 98141-92-632
Shop No 5,Adda Kapur Pind,Opp IndusInd Bank,Jalandhar.

## ਗੁਜਰਾਤ ਵਿਚ ਪੁਟਾਈ ਦੌਰਾਨ ਪੰਜ ਮਜ਼ਦੂਰਾਂ ਦੀ ਹੋਈ ਮੌਤ

**ਮਹਿਸਾਣਾ ਲੋਕ ਬਾਣੀ** --ਗੁਜਰਾਤ ਦੇ ਜ਼ਿਲ੍ਹਾ ਮਹਿਸਾਣਾ ਵਿਚ ਸ਼ਨਿੱਚਰਵਾਰ ਨੂੰ ਉਸਾਰੀ ਵਾਲੀ ਇਕ ਥਾਂ ਪੁਟਾਈ ਕਰਦੇ ਸਮੇਂ ਢਿੱਗਾਂ ਡਿੱਗ ਜਾਣ ਕਾਰਨ ਮਿੱਟੀ ਹੇਠ ਦੱਬ ਕੇ ਘੱਟੋ-ਘੱਟ ਪੰਜ ਮਜ਼ਦੂਰਾਂ ਦੀ ਮੌਤ ਹੋ ਗਈ, ਜਦੋਂਕਿ ਹੋਰ ਕਈਆਂ ਦੇ ਢਿੱਗਾਂ ਹੇਠ ਦੱਬੇ ਹੋਣ ਦਾ ਖ਼ਦਸ਼ਾ ਹੈ। ਪੁਲੀਸ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਘਟਨਾ ਜ਼ਿਲ੍ਹਾ ਸਦਰ ਮੁਕਾਮ ਤੋਂ ਕਰੀਬ 37 ਕਿਲੋਮੀਟਰ



ਦੂਰ ਕਡੀ ਕਸਬੇ ਵਿਚ ਵਾਪਰੀ ਹੈ। ਦੱਸਿਆ ਜਾਂਦਾ ਹੈ ਕਿ ਕਈ ਮਜ਼ਦੂਰ ਜਾਸਲਪੁਰ ਪਿੰਡ ਵਿਚ ਜ਼ਮੀਨਦੋਜ਼ ਹੌਦ ਬਣਾਏ ਜਾਣ ਲਈ ਖੱਡੇ ਦੀ ਪੁਟਾਈ ਕਰ ਰਹੇ ਸਨ,

## ਸੁੱਤੇ ਪਏ ਸਿਹਤ ਵਿਭਾਗ ਨੂੰ ਤਿਉਹਾਰਾਂ ਦੇ ਦਿਨਾਂ ਚ ਆਈ ਸੈਂਪਲ ਭਰਨ ਦੀ ਯਾਦ

**ਲੁਧਿਆਣਾ, ਸੁਖਚੈਨ ਮਹਿਰਾ** --ਪੰਜਾਬ ਵਿੱਚ ਸੁੱਤੇ ਹੋਏ ਸਿਹਤ ਵਿਭਾਗ ਨੂੰ ਤਿਉਹਾਰਾਂ ਦੇ ਦਿਨਾਂ ਵਿੱਚ ਆਈ ਸੈਂਪਲ ਭਰਨ ਦੀ ਯਾਦ ਸਿਹਤ ਵਿਭਾਗ ਦੀ ਫੂਡ ਟੀਮ ਨੇ ਰਾਹੋਂ ਰੋਡ ਲੁਧਿਆਣਾ ਵਿਖੇ ਸਥਿਤ ਇੱਕ ਡੇਅਰੀ ਤੇ ਛਾਪਾ ਮਾਰ ਕੇ 1.5 ਕੁਇੰਟਲ ਪਨੀਰ ਬਰਾਮਦ ਕੀਤਾ ਗਿਆ, ਜੋ ਅੱਜ ਸਵੇਰੇ ਦੂਜੇ ਜ਼ਿਲ੍ਹੇ ਦੇ ਇੱਕ ਵਿਕਰੇਤਾ ਤੋਂ ਖਰੀਦਿਆ ਗਿਆ ਸੀ। ਵਿਕਰੇਤਾ ਨੇ 180 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਪਨੀਰ ਖਰੀਦਿਆ। ਟੀਮ ਨੇ ਅਹਾਤੇ ਤੋਂ ਪਨੀਰ ਅਤੇ ਘਿਓ ਦੇ ਸੈਂਪਲ ਲਏ ਅਤੇ ਪਨੀਰ ਦੇ ਪੂਰੇ ਸਟਾਕ ਨੂੰ ਮੌਕੇ ਤੇ ਹੀ ਨਸ਼ਟ ਕਰ ਦਿੱਤਾ।



ਫੂਡ ਟੀਮ ਨੇ ਸ਼ਮਸ਼ਾਨਘਾਟ ਰੋਡ, ਰਾਣੀ ਝਾਂਸੀ ਰੋਡ ਅਤੇ ਕਰੀਮਪੁਰਾ ਬਾਜ਼ਾਰ ਤੋਂ ਵੱਖ-ਵੱਖ ਖਾਣ-ਪੀਣ ਦੀਆਂ ਵਸਤਾਂ ਦੀਆਂ ਵੱਖ-ਵੱਖ ਮਠਿਆਈਆਂ ਦੀਆਂ ਦੁਕਾਨਾਂ ਤੋਂ ਨਮੂਨੇ ਵੀ ਲਏ।

## ਪੰਜਾਬ ਦੇ ਫ਼ਤਹਿਗੜ੍ਹ ਸਾਹਿਬ ਜ਼ਿਲ੍ਹੇ ਚ ਡੇਂਗੂ ਦਾ ਕਹਿਰ

**ਲੁਧਿਆਣਾ, ਸੁਖਚੈਨ ਮਹਿਰਾ** --ਪੰਜਾਬ ਵਿਚ ਮੌਸਮ ਦੇ ਬਦਲਾਵ ਤੋਂ ਬਾਅਦ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਚ ਡੇਂਗੂ ਦੇ ਸਾਹਮਣੇ ਆ ਰਹੇ ਕੇਸਾਂ ਨੂੰ ਲੈ ਕੇ ਸਿਹਤ ਵਿਭਾਗ ਦੀ ਚਿੰਤਾ ਵੱਧ ਗਈ ਹੈ। ਸਿਹਤ ਵਿਭਾਗ ਕੋਲ ਹੁਣ ਤੱਕ 27 ਕੇਸ ਦਰਜ ਕੀਤੇ ਜਾ ਚੁੱਕੇ ਹਨ, ਭਾਵੇਂ ਇਹ ਮਰੀਜ਼ ਪੂਰੀ ਤਰ੍ਹਾਂ ਠੀਕ ਹੋ ਕੇ ਆਪਣੇ ਘਰਾਂ ਨੂੰ ਜਾ ਚੁੱਕੇ ਹਨ ਪਰ ਫਿਰ ਵੀ ਸਿਹਤ ਵਿਭਾਗ ਪੂਰੀ ਤਰ੍ਹਾਂ



ਮੁਸਤੈਦ ਦਿਖਾਈ ਦੇ ਰਿਹਾ ਹੈ ਤੇ ਡੇਂਗੂ ਦੇ ਮਰੀਜ਼ਾਂ ਦੇ ਇਲਾਜ ਲਈ ਸਿਵਲ ਹਸਪਤਾਲ ਫ਼ਤਹਿਗੜ੍ਹ ਸਾਹਿਬ ਵਿਖੇ ਡੇਂਗੂ ਵਾਰਡ ਬਣਾਇਆ ਗਿਆ ਹੈ

## ਪੰਜਾਬ ਪੁਲਿਸ ਨੇ ਕਰੋੜਾਂ ਦੇ ਨਸ਼ੀਲੇ ਪਦਾਰਥਾਂ ਬਰਾਮਦ ਕੀਤੇ

**ਅੰਮ੍ਰਿਤਸਰ, ਲੋਕ ਬਾਣੀ** --ਪੰਜਾਬ ਵਿੱਚ ਨਸ਼ੇ ਦਾ ਕਾਰੋਬਾਰ ਕਰਨ ਵਾਲੇ ਬੇਖੌਫ ਹਨ ਤੇ ਸਰਹੱਦ ਪਾਰ ਤੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਨੈੱਟਵਰਕ ਦਾ ਤਾਜ਼ਾ ਮਾਮਲਾ ਸਾਹਮਣੇ ਆਇਆ ਹੈ ਤੇ ਕਾਊਂਟਰ ਇੰਟੈਲੀਜੈਂਸ, ਅੰਮ੍ਰਿਤਸਰ ਵੱਲੋਂ 10.4 ਕਿੱਲੋ ਹੈਰੋਇਨ ਬਰਾਮਦ ਕੀਤੀ ਗਈ ਹੈ। ਪੁਲਸ ਵੱਲੋਂ ਨਾਕੇਬੰਦੀ ਦੌਰਾਨ 2 ਵਾਹਨਾਂ ਨੂੰ ਰੋਕਿਆ ਗਿਆ ਸੀ, ਜਿਨ੍ਹਾਂ ਚੋਂ ਇਕ ਵਿਚੋਂ 10.4 ਕਿੱਲੋ ਹੈਰੋਇਨ




ਬਰਾਮਦ ਹੋਈ। ਹਾਲਾਂਕਿ ਮੁਲਜ਼ਮ ਆਪਣੇ ਸਾਥੀ ਦੀ ਕਾਰ ਰਾਹੀਂ ਮੌਕੇ ਤੋਂ ਭੱਜਣ ਵਿਚ ਕਾਮਯਾਬ ਰਿਹਾ, ਪਰ ਪੁਲਸ ਵੱਲੋਂ ਨਸ਼ੀਲੇ ਪਦਾਰਥਾਂ ਵਾਲੀ ਗੱਡੀ ਨੂੰ ਕਬਜ਼ੇ ਵਿਚ ਲੈ ਲਿਆ ਗਿਆ ਹੈ।

## ਅੱਜ ਪੰਜਾਬ ਭਰ ਵਿੱਚ ਕਿਸਾਨ ਜਥੇਬੰਦੀਆਂ ਵਲੋਂ ਕੀਤਾ ਜਾਵੇਗਾ ਚੱਕਾ ਜਾਮ

**ਜਲੰਧਰ, ਲੋਕ ਬਾਣੀ** --ਅਜ ਪੰਜਾਬ ਭਰ ਵਿਚ ਕਿਸਾਨ ਜਥੇਬੰਦੀਆਂ ਕਰਣਗੀਆਂ ਚੱਕਾ ਜਾਮ ਝੋਨਾ ਖਰੀਦ ਵਿਚ ਕਿਸਾਨ ਦੀ ਖੱਜਲ-ਖੁਆਰੀ ਤੇ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਉਤੇ ਭਾਰਤੀ ਕਿਸਾਨ ਯੂਨੀਅਨ ਕਾਦੀਆਂ 13 ਅਕਤੂਬਰ ਦਿਨ ਐਤਵਾਰ ਨੂੰ ਦੁਪਹਿਰ 12 ਤੋਂ 3 ਵਜੇ ਤੱਕ



ਟੋਲ ਪਲਾਜ਼ਾ ਢਿਲਵਾਂ ਤੇ ਜੀ. ਟੀ. ਰੋਡ ਜਾਮ ਕਰੇਗੀ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਜ਼ਿਲ੍ਹਾ ਪ੍ਰਧਾਨ ਜਸਬੀਰ ਸਿੰਘ ਲਿਟਾਂ ਨੇ ਦੱਸਿਆ ਕਿ ਪੰਜਾਬ ਵਿਚ ਝੋਨੇ ਦੀ ਖਰੀਦ ਦੀ ਦੁਰਦਸ਼ਾ ਹੋ ਰਹੀ ਹੈ ਅਤੇ ਝੋਨਾ ਕਿਸਾਨ ਨੂੰ ਸਰਕਾਰੀ ਰੇਟ ਤੋਂ 200 ਤੋਂ 300 ਰੁਪਏ ਘੱਟ ਮੁੱਲ ਉਤੇ ਵੇਚਣ ਲਈ ਮਜਬੂਰ ਕੀਤਾ ਜਾ ਰਿਹਾ ਹੈ।

## ਦੁਸਹਿਰੇ ਵਾਲੇ ਦਿਨ ਨਹਿਰ ਚ ਡਿੱਗੀ ਕਾਰ 8 ਲੋਕਾਂ ਦੀ ਹੋਈ ਮੌਤ

**ਚੰਡੀਗੜ੍ਹ, ਵਿਨੋਦ ਸ਼ਰਮਾ** --ਸ਼ਨੀਵਾਰ ਨੂੰ ਦੁਸਹਿਰੇ ਵਾਲੇ ਦਿਨ ਇੱਕ ਬੁਰੀ ਖਬਰ ਆਹਮਣੇ ਆਈ ਆਈ ਹੈ। ਕੈਥਲ ਚ ਇੱਕ ਆਲਟੋ ਕਾਰ ਨਹਿਰ ਚ ਡਿੱਗ ਗਈ। ਹਾਦਸੇ ਚ ਕਾਰ ਚ ਸਵਾਰ 8 ਲੋਕਾਂ ਦੀ ਮੌਤ ਹੋ ਗਈ। ਮਰਨ ਵਾਲਿਆਂ ਵਿੱਚ ਇੱਕੋ ਪਰਿਵਾਰ ਦੇ 8 ਲੋਕ ਸ਼ਾਮਲ ਹਨ। ਉਹ ਕੈਥਲ ਦੇ ਦੇਗ ਪਿੰਡ ਦਾ ਰਹਿਣ ਵਾਲਾ ਸੀ। ਪਰਿਵਾਰ ਸ਼ਨੀਵਾਰ ਸਵੇਰੇ ਕਾਰ ਰਾਹੀਂ ਮੰਦਰ



ਚ ਮੱਥਾ ਟੇਕਣ ਜਾ ਰਿਹਾ ਸੀ। ਜਦੋਂ ਉਹ ਮੰਫਰ ਕੋਲ ਪਹੁੰਚੇ ਤਾਂ ਉਨ੍ਹਾਂ ਦੀ ਕਾਰ ਬੇਕਾਬੂ ਹੋ ਕੇ ਨਹਿਰ ਵਿੱਚ ਜਾ ਡਿੱਗੀ ਤੇ ਪਾਣੀ ਦਾ ਬਹਾਵ ਤੇਜ਼ ਹੋਣ ਕਾਰਨ ਇੰਨਾ ਦੀ ਮੌਤ ਹੋ ਗਈ

ਪੱਤਰਕਾਰਾਂ ਲਈ ਸੁਨਹਿਰਾ ਮੌਕਾ
ਪੰਜਾਬ ਦੇ ਹਰ ਜਿਲੇ ਤੋਂ ਰੋਜਾਨਾ ਲੋਕ ਬਾਣੀ ਅਖਬਾਰ ਲਈ ਪੱਤਰਕਾਰਾਂ ਦੀ ਲੋੜ ਹੈ। ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫ਼ਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਫਗਵਾੜਾ ਚ ਘਰ ਦੇ ਅੰਦਰ ਹੋਇਆ ਜ਼ਬਰਦਸਤ ਧਮਾਕਾ, 2 ਬੱਚੇ ਗੰਭੀਰ ਜ਼ਖ਼ਮੀ

ਫਗਵਾੜਾ-(ਲੋਕ ਬਾਣੀ) ਪੰਜਾਬ ਦੇ ਫਗਵਾੜਾ ਦੇ ਸ਼ਾਮ ਨਗਰ ਚ ਸ਼ਿਵਪੁਰੀ ਨੇੜੇ ਇਕ ਘਰ ਦੀ ਛੱਤ ਤੇ ਹੋਏ ਜ਼ਬਰਦਸਤ ਧਮਾਕੇ ਨਾਲ ਪੂਰੇ ਇਲਾਕੇ ਚ ਸਨਸਨੀ ਫੈਲ ਗਈ। ਇਸ ਘਟਨਾ ਚ ਦੋ ਬੱਚੇ ਗੰਭੀਰ ਰੂਪ ਚ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਚ ਭਰਤੀ ਕਰਵਾਇਆ ਗਿਆ ਹੈ। ਸ਼ੁਰੂਆਤੀ ਜਾਂਚ ਚ ਪਤਾ ਲੱਗਾ ਹੈ ਕਿ ਧਮਾਕਾ ਪੋਟਾਸ਼ (ਪਟਾਕਿਆਂ ਚ ਵਰਤਿਆ ਜਾਣ ਵਾਲਾ ਪਦਾਰਥ) ਕਾਰਨ ਹੋਇਆ ਸੀ। ਫਗਵਾੜਾ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਜ਼ਖਮੀ ਬੱਚਿਆਂ ਨੂੰ ਫਗਵਾੜਾ ਦੇ ਸਿਵਲ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ। ਜ਼ਖਮੀ ਬੱਚਿਆਂ ਦੀ ਗੰਭੀਰ ਹਾਲਤ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਜਲੰਧਰ ਦੇ ਨਿੱਜੀ ਹਸਪਤਾਲ ਲਈ ਰੈਫਰ ਕਰ ਦਿੱਤਾ ਗਿਆ। ਪਰ ਸਥਿਤੀ ਵਿੱਚ ਕੋਈ ਸੁਧਾਰ ਨਾ ਹੋਣ ਕਾਰਨ ਜਲੰਧਰ ਤੋਂ ਦੋਵਾਂ ਬੱਚਿਆਂ ਨੂੰ ਚੰਡੀਗੜ੍ਹ ਪੀਜੀਆਈ ਰੈਫਰ ਕਰ ਦਿੱਤਾ ਗਿਆ ਹੈ। ਫਿਲਹਾਲ ਬੱਚਿਆਂ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਥਾਣਾ ਸਿਟੀ ਫਗਵਾੜਾ ਦੇ ਐੱਸਐੱਚਓ ਅਮਨਦੀਪ ਨਾਹਰ ਨੇ ਦੱਸਿਆ- ਜਾਂਚ ਤੋਂ ਬਾਅਦ ਹੀ ਪਤਾ ਲੱਗੇਗਾ ਕਿ ਧਮਾਕਾ ਕਿਉਂ ਹੋਇਆ।



ਪ੍ਰਾਪਤ ਜਾਣਕਾਰੀ ਅਨੁਸਾਰ ਪੁਲੀਸ ਨੇ ਵਾਰਦਾਤ ਵਾਲੀ ਥਾਂ ਤੋਂ ਲੋਹੇ ਦੀ ਰਾਡ ਨਾਲ ਚਲਾਏ ਗਏ ਬੰਬ ਦੀ ਸਮੱਗਰੀ ਬਰਾਮਦ ਕੀਤੀ ਹੈ। ਇਸ ਤੋਂ ਇਲਾਵਾ ਵਾਰਦਾਤ ਵਾਲੀ ਥਾਂ ਤੋਂ ਪੋਟਾਸ਼ ਅਤੇ ਹੋਰ ਸਮਾਨ ਵੀ ਮਿਲਿਆ ਹੈ। ਜਿਸ ਨੂੰ ਪੁਲਿਸ ਨੇ ਹਿਰਾਸਤ ਵਿੱਚ ਲੈ ਲਿਆ ਹੈ। ਮੁੱਢਲੀ ਜਾਂਚ ਵਿੱਚ ਧਮਾਕੇ ਦਾ ਕਾਰਨ ਲੋਹੇ ਦੀ ਰਾਡ ਬੰਬ ਦੱਸਿਆ ਗਿਆ ਹੈ।
ਲੋਹੇ ਦੀਆਂ ਰਾਡਾਂ ਅੰਦਰ ਜਾਣ ਲਈ ਲੋੜੀਂਦੇ ਪੋਟਾਸ਼ ਨੂੰ ਪੀਸਣ ਸਮੇਂ ਇਹ ਹਾਦਸਾ ਵਾਪਰਨ ਦਾ ਖ਼ਦਸ਼ਾ ਹੈ। ਪੁਲਸ ਇਹ ਮੰਨ ਰਹੀ ਹੈ ਕਿ ਜਦੋਂ ਹਾਦਸਾ ਵਾਪਰਿਆ ਤਾਂ ਬੱਚੇ ਪੋਟਾਸ਼ ਪੀਸ ਰਹੇ ਸਨ। ਇਸ ਘਟਨਾ ਚ ਦੋਵੇਂ ਬੱਚੇ ਗੰਭੀਰ ਜ਼ਖਮੀ ਹੋ ਗਏ। ਐੱਸਐੱਚਓ ਅਮਨਦੀਪ ਨਾਹਰ ਨੇ ਦੱਸਿਆ ਕਿ ਵਾਰਦਾਤ ਵਾਲੀ ਥਾਂ ਤੋਂ ਕੁਝ ਸ਼ੱਕੀ ਵਸਤੂਆਂ ਬਰਾਮਦ ਕੀਤੀਆਂ ਗਈਆਂ ਹਨ ਅਤੇ ਜਾਂਚ ਕੀਤੀ ਜਾ ਰਹੀ ਹੈ।

# ਹਸਪਤਾਲ ਚੋਂ ਪਿਸਤੌਲ ਮਿਲਣ ਤੇ ਮਚਿਆ ਹੜਕੰਪ, ਮੌਕੇ ਤੇ ਪਹੁੰਚੀ ਪੁਲਿਸ




(ਲੋਕ ਬਾਣੀ) ਤਿਓਹਾਰੀ ਸੀਜ਼ਨ ਦੌਰਾਨ ਸਿਵਲ ਹਸਪਤਾਲ ਵਿਖੇ ਦਰੱਖਤਾਂ ਹੇਠੋਂ ਇੱਕ ਪਿਸਤੌਲ ਬਰਾਮਦ ਹੋਇਆ। ਇਸੇ ਦੌਰਾਨ ਪੁਲਿਸ ਮੁਲਾਜ਼ਮ ਮੌਕੇ 'ਤੇ ਪੁੱਜੇ ਅਤੇ ਤਲਾਸ਼ੀ ਲਈ ਤਾਂ ਉਕਤ ਪਿਸਤੌਲ ਵਾਲਾ ਖਿਡੌਣਾ ਨਿਕਲਿਆ।ਜਾਣਕਾਰੀ ਮੁਤਾਬਕ ਸਿਵਲ ਹਸਪਤਾਲ ਦੀ ਪਾਰਕਿੰਗ ਚ ਕਿਸੇ ਨੇ ਪਿਸਤੌਲ ਦੇਖ ਕੇ ਪੁਲਿਸ ਨੂੰ ਸੂਚਨਾ ਦਿੱਤੀ। ਮੌਕੇ ਤੇ ਪਹੁੰਚੀ ਪੁਲਿਸ ਨੇ ਬੰਦੂਕ ਦੀ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਬੰਦੂਕ ਇਕ ਖਿਡੌਣਾ ਸੀ। ਅਧਿਕਾਰੀਆਂ ਨੇ ਕਿਹਾ ਕਿ ਉਕਤ ਪਿਸਤੌਲ ਦੀ ਵਰਤੋਂ ਕਿਸੇ ਨੂੰ ਡਰਾਉਣ ਲਈ ਕੀਤੀ ਜਾ ਸਕਦੀ ਹੈ ਪਰ ਇਸ ਨਾਲ ਨੁਕਸਾਨ ਦਾ ਖਤਰਾ ਨਹੀਂ ਹੈ। ਪੁਲਿਸ ਅਗਲੇਰੀ ਕਾਰਵਾਈ ਕਰ ਰਹੀ ਹੈ।

# VHP ਨੇਤਾ ਦੇ ਕਤਲ ਮਾਮਲੇ ਚ NIA ਨੇ ਦਾਖ਼ਲ ਕੀਤੀ ਚਾਰਜਸ਼ੀਟ, ਬੱਬਰ ਖਾਲਸਾ ਦੇ ਮੁਖੀ ਸਮੇਤ 6 ਦੇ ਨਾਂ ਸ਼ਾਮਲ, 10-10 ਲੱਖ ਰੁਪਏ ਦੇ ਇਨਾਮ...

ਚੰਡੀਗੜ੍ਹ (ਲੋਕ ਬਾਣੀ)- ਕੌਮੀ ਜਾਂਚ ਏਜੰਸੀ (ਐਨਆਈਏ) ਨੇ ਸ਼ੁੱਕਰਵਾਰ ਨੂੰ ਪੰਜਾਬ ਵਿੱਚ ਵਿਸ਼ਵ ਹਿੰਦੂ ਪ੍ਰੀਸ਼ਦ (ੋ8♦) ਦੇ ਆਗੂ ਵਿਕਾਸ ਪ੍ਰਭਾਕਰ ਉਰਫ਼ ਵਿਕਾਸ ਬੱਗਾ ਦੇ ਕਤਲ ਕੇਸ ਵਿੱਚ ਚਾਰਜਸ਼ੀਟ ਦਾਇਰ ਕੀਤੀ ਹੈ। ਜਿਸ ਵਿੱਚ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਮੁਖੀ ਅਤੇ 5 ਹੋਰ ਨਾਂ ਸ਼ਾਮਲ ਕੀਤੇ ਗਏ ਹਨ। ਬੱਬਰ ਨੇ ਨਵਾਂਸ਼ਹਿਰ ਦੇ ਹਰਜੀਤ ਸਿੰਘ ਉਰਫ ਲਾਡੀ ਅਤੇ ਯਮੁਨਾਨਗਰ ਹਰਿਆਣਾ ਦੇ ਕੁਲਬੀਰ ਸਿੰਘ ਉਰਫ ਸਿੱਧੂ ਨਾਲ ਮਿਲ ਕੇ ਹਮਲੇ ਨੂੰ ਅੰਜਾਮ ਦੇਣ ਲਈ ਹਥਿਆਰ, ਗੋਲਾ ਬਾਰੂਦ ਅਤੇ ਪੈਸੇ ਆਦਿ ਮੁਹੱਈਆ ਕਰਵਾਏ ਸਨ। ਦੱਸ ਦੇਈਏ ਕਿ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਆਗੂ ਬੱਗਾ ਦਾ 13 ਅਪ੍ਰੈਲ 2024 ਨੂੰ ਰੂਪਨਗਰ ਦੇ ਨੰਗਲ ਨੇੜੇ ਕਤਲ ਕਰ ਦਿੱਤਾ ਗਿਆ ਸੀ। ਆਗੂ ਨੂੰ ਬੀਕੇਆਈ ਦੇ ਮੈਂਬਰਾਂ ਨੇ ਮਿਠਾਈਆਂ ਦੀ ਦੁਕਾਨ ਵਿੱਚ ਗੋਲੀਆਂ ਮਾਰ ਦਿੱਤੀਆਂ ਸੀ।
ਬੱਬਰ ਦੇ ਨਾਲ-ਨਾਲ 2 ਹੋਰ ਫਰਾਰ ਦੋਸ਼ੀਆਂ ਦੇ ਨਾਂ ਵੀ ©91 ਦੀ ਚਾਰਜਸ਼ੀਟ ਚ ਸ਼ਾਮਲ ਹਨ ਅਤੇ 3 ਗ੍ਰਿਫਤਾਰ ਦੋਸ਼ੀਆਂ ਦੀ ਪਛਾਣ ਇਸ ਕਤਲ ਦੇ ਮੁੱਖ ਦੋਸ਼ੀਆਂ ਵਜੋਂ ਹੋਈ ਹੈ। ਫੜੇ ਗਏ ਤਿੰਨ ਮੁਲਜ਼ਮਾਂ ਵਿੱਚੋਂ ਦੋ ਦੀ ਪਛਾਣ ਸ਼ੂਟਰ ਮਨਦੀਪ ਕੁਮਾਰ ਉਰਫ ਮੰਗਲੀ ਅਤੇ ਸੁਰਿੰਦਰ ਕੁਮਾਰ ਉਰਫ ਰੀਕਾ ਵਜੋਂ ਹੋਈ ਹੈ। ਦੋਵੇਂ ਪੰਜਾਬ ਦੇ ਨਵਾਂਸ਼ਹਿਰ ਜ਼ਿਲ੍ਹੇ ਦੇ ਵਸਨੀਕ ਹਨ। ਐਨਆਈਏ ਨੇ ਉਕਤ ਮੁਲਜ਼ਮਾਂ ਖ਼ਿਲਾਫ਼ ਯੂਏਪੀਏ, ਆਰਮਜ਼ ਐਕਟ ਸਮੇਤ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਸੀ।ਇਸ ਦੌਰਾਨ, ਦੋ ਹੋਰ ਮੁਲਜ਼ਮਾਂ, ਬੱਬਰ ਖਾਲਸਾ ਇੰਟਰਨੈਸ਼ਨਲ (ਬੀਕੇਆਈ) ਦੇ ਕਾਰਕੁਨ ਹਰਜੀਤ ਸਿੰਘ ਉਰਫ਼ ਲਾਡੀ ਵਾਸੀ



ਨਵਾਂਸ਼ਹਿਰ, ਪੰਜਾਬ ਅਤੇ ਕੁਲਬੀਰ ਸਿੰਘ ਉਰਫ਼ ਸਿੱਧੂ ਵਾਸੀ ਯਮੁਨਾ ਨਗਰ, ਹਰਿਆਣਾ ਦੀ ਭਾਲ ਜਾਰੀ ਹੈ। ਐਨਆਈਏ ਵੱਲੋਂ ਇਨ੍ਹਾਂ ਦੋਵਾਂ ਆਪਰੇਟਿਵਾਂ ਲਈ 10-10 ਲੱਖ ਰੁਪਏ ਦਾ ਨਕਦ ਇਨਾਮ ਵੀ ਜਾਰੀ ਕੀਤਾ ਗਿਆ ਹੈ।

# ਮਾਨਸਾ ਪੁਲਿਸ ਵੱਲੋਂ ਪੰਚਾਇਤੀ ਚੋਣਾਂ ਤੇ ਤਿਉਹਾਰਾਂ ਦੇ ਮੱਦੇਨਜ਼ਰ ਕੱਢਿਆ ਫਲੈਗ ਮਾਰਚ



(ਲੋਕ ਬਾਣੀ) 15 ਅਕਤੂਬਰ ਨੂੰ ਹੋਣ ਵਾਲੀਆਂ ਪੰਚਾਇਤੀ ਚੋਣਾਂ ਤੇ ਦੁਸਹਿਰੇ ਦੇ ਪਵਿੱਤਰ ਤਿਉਹਾਰ ਨੂੰ ਲੈ ਕੇ ਮਾਨਸਾ ਪੁਲਿਸ ਵੱਲੋਂ ਐਸਐਸਪੀ ਭਗੀਰਥ ਸਿੰਘ ਮੀਨਾ ਦੀ ਅਗਵਾਈ ਵਿਚੋਂ ਫਲੈਗ ਮਾਰਚ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਨੇ ਕਿਹਾ ਕਿ ਲੋਕਾਂ ਨੂੰ ਬਿਨਾਂ ਡਰ ਪਏ ਵੋਟ ਦਾ ਇਸਤੇਮਾਲ ਕਰਨ ਦਾ ਸੰਦੇਸ਼ ਦੇਣ ਲਈ ਪੁਲਿਸ ਵੱਲੋਂ ਫਲੈਗ ਮਾਰਚ ਕੀਤਾ ਜਾ ਰਿਹਾ ਹੈ।
ਪੰਜਾਬ ਦੇ ਵਿੱਚ ਹੋ ਰਹੀਆਂ 15 ਅਕਤੂਬਰ ਨੂੰ ਪੰਚਾਇਤੀ ਚੋਣਾਂ ਨੂੰ ਸ਼ਾਂਤੀ ਪੂਰਵਕ ਨੇਪਰੀ ਚਾੜ੍ਹਨ ਲਈ ਪੰਜਾਬ ਪੁਲਿਸ ਵੱਲੋਂ ਫਲੈਗ ਮਾਰਚ ਕੀਤੇ ਜਾ ਰਹੇ ਹਨ। ਅੱਜ ਮਾਨਸਾ ਵਿੱਚ ਐਸਐਸਪੀ ਭਗੀਰਥ ਸਿੰਘ ਮੀਨਾ ਦੀ ਅਗਵਾਈ ਵਿਚੋਂ ਪੁਲਿਸ ਪਾਰਟੀ ਵੱਲੋਂ ਫਲੈਗ ਮਾਰਚ ਕੱਢਿਆ ਗਿਆ ਹਾਂ ਵੀ ਐਸਐਸਪੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 15 ਅਕਤੂਬਰ ਨੂੰ ਹੋ ਰਹੀਆਂ ਪੰਚਾਇਤੀ ਚੋਣਾਂ ਵਿੱਚ ਲੋਕਾਂ ਨੂੰ ਬਿਨਾਂ ਕਿਸੇ ਡਰ ਭੈਅ ਦੇ ਵੋਟ ਦਾ ਇਸਤੇਮਾਲ ਕਰਨ ਦਾ ਸੰਦੇਸ਼ ਦੇਣ ਲਈ ਅਤੇ ਦੁਸਹਿਰੇ ਦੇ ਪਵਿੱਤਰ ਤਿਉਹਾਰ ਨੂੰ ਲੈ ਕੇ ਲੋਕਾਂ ਦੇ ਵਿੱਚ ਸ਼ਾਂਤੀ ਬਣੀ ਰਹੇ।

ਰੋਜ਼ਾਨਾ ਲੋਕ ਬਾਣੀ
www.lokbani

# ਸੰਗਰੂਰ ਚ ਲੁੱਟ-ਖੋਹ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ 4 ਬਦਮਾਸ਼ 3 ਪਿਸਤੌਲਾਂ ਸਮੇਤ ਗ੍ਰਿਫ਼ਤਾਰ

ਸੰਗਰੂਰ- (ਲੋਕ ਬਾਣੀ) ਪੰਜਾਬ ਦੀ ਸੰਗਰੂਰ ਪੁਲਿਸ ਨੇ ਸ਼ਨੀਵਾਰ ਨੂੰ ਲੁੱਟ-ਖੋਹ ਅਤੇ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਚਾਰ ਬਦਮਾਸ਼ਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਦੇ ਕਬਜ਼ੇ ਵਿੱਚੋਂ 3 ਦੇਸੀ ਪਿਸਤੌਲ, 8 ਜ਼ਿੰਦਾ ਕਾਰਤੂਸ ਅਤੇ ਇੱਕ ਤੇਜ਼ਧਾਰ ਹਥਿਆਰ ਬਰਾਮਦ ਕੀਤਾ ਗਿਆ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਪੁਲੀਸ ਟੀਮ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਸੰਗਰੂਰ ਵਿੱਚ ਇੱਕ ਘਰ ਵਿੱਚ ਇਹ ਚਾਰੋਂ ਬਦਮਾਸ਼ ਲੁੱਟ ਦੀ ਯੋਜਨਾ ਬਣਾ ਰਹੇ ਹਨ। ਇਸ ਗਰੋਹ ਦਾ ਮਾਸਟਰ ਮਾਈਂਡ ਧਰਮਪ੍ਰੀਤ ਸਿੰਘ ਉਰਫ਼ ਗੋਗੀ ਹੈ, ਜਿਸ ਨੇ ਇੱਕ ਘਰ ਦੀ ਲੁੱਟ ਦੀ ਯੋਜਨਾ ਬਣਾਈ ਹੈ। ਸੂਚਨਾ ਤੋਂ ਬਾਅਦ ਪੁਲਸ ਟੀਮ ਨੇ ਲਿੰਕ ਰੋਡ ਕੁਲਾਰ ਖੁਰਦ ਨੇੜੇ ਝਾੜੀਆਂ ਚ ਲੁਕੇ ਜਗਸੀਰ ਸਿੰਘ ਉਰਫ ਗੱਗੀ, ਮਨਪ੍ਰੀਤ ਸਿੰਘ ਉਰਫ ਰੋਹਿਤ, ਮਨਪ੍ਰੀਤ ਸਿੰਘ ਉਰਫ ਮੰਨਾ ਅਤੇ ਜਸ਼ਨਦੀਪ ਸਿੰਘ ਉਰਫ ਜੱਸੂ ਪੁੱਤਰ ਸੁਖਜਿੰਦਰ ਸਿੰਘ ਵਾਸੀ ਮਲਕ ਜ਼ਿਲਾ ਲੁਧਿਆਣਾ ਨੂੰ ਕਾਬੂ ਕਰ ਲਿਆ। ਮੁਲਜ਼ਮਾਂ ਕੋਲੋਂ 32 ਬੋਰ ਦੇ 3 ਦੇਸੀ ਪਿਸਤੌਲ, 8 ਜ਼ਿੰਦਾ ਕਾਰਤੂਸ ਅਤੇ ਇੱਕ ਸਾਈਬਰ ਬਰਾਮਦ ਕੀਤਾ ਗਿਆ ਹੈ। ਐਸਐਸਪੀ ਨੇ ਦੱਸਿਆ ਕਿ



ਮੁਲਜ਼ਮਾਂ ਕੋਲੋਂ ਪੁੱਛਗਿੱਛ ਜਾਰੀ ਹੈ ਜਿਸ ਤੋਂ ਹੋਰ ਵੀ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ।

# ਪਿੰਡ ਝੜੌਦੀ ਦੀ ਸਰਬ ਸੰਮਤੀ ਨਾਲ ਚੁਣੀ ਪੰਚਾਇਤ, ਸੁਖਵਿੰਦਰ ਕੌਰ ਚੁਣੀ ਸਰਪੰਚ




ਸ੍ਰੀ ਮਾਛੀਵਾੜਾ ਸਾਹਿਬ-(ਲੋਕ ਬਾਣੀ)--, ਬਲਾਕ ਮਾਛੀਵਾੜਾ ਦੇ ਪਿੰਡ ਪਿੰਡ ਝੜੌਦੀ ਵਿਖੇ ਪਿੰਡ ਵਾਸੀਆਂ ਵੱਲੋਂ ਭਾਈਚਾਰਕ ਸਾਂਝ ਦਾ ਸਬੂਤ ਦਿੰਦਿਆ ਸਰਬ ਸੰਮਤੀ ਨਾਲ ਚੁਣੀ ਪੰਚਾਇਤ ਦਾ ਅੱਜ ਹਾਰ ਤੇ ਸਿਰੋਪਾ ਪਾ ਕੇ ਸਨਮਾਨ ਕੀਤਾ। ਨਵੀ ਚੁਣੀ ਪੰਚਾਇਤ ਵਿੱਚ ਸਰਪੰਚ ਸੁਖਵਿੰਦਰ ਕੌਰ ਜਦਕਿ ਮੈਬਰ ਪੰਚਾਇਤਾ ਵਿੱਚ ਮਨਜੀਤ ਕੌਰ,ਬਲਵੀਰ ਕੌਰ,ਮਖੱਣ ਸਿੰਘ,ਕਰਨੈਲ ਸਿੰਘ,ਕੁਲਵਿੰਦਰ ਸਿੰਘ ਮਾਣੇਵਾਲ ਚੁਣੇ ਗਏ। ਨਵ ਨਿਯੁਕਤ ਸਰਪੰਚ ਸੁਖਵਿੰਦਰ ਕੌਰ ਅਤੇ ਪਤੀ ਬਲਵਿੰਦਰ ਸਿੰਘ ਨੇ ਪਿੰਡ ਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਸਮੁੱਚੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਉਹ ਪਿੰਡ ਦੇ ਵਿਕਾਸ ਕਾਰਜਾਂ ਨੂੰ ਨੇਪਰੇ ਚਾੜ੍ਹਨਗੇ ਤੇ ਪਿੰਡ ਨੂੰ ਮਾਡਲ ਗ੍ਰਾਮ ਬਣਾਉਣ ਦਾ ਯਤਨ ਕਰਨਗੇ ਤਾਂ ਜੋ ਇਸ ਪਿੰਡ ਨੂੰ ਨਸ਼ਾ ਮੁਕਤ ,ਝਗੜਿਆ ਰਹਿਤ ,ਸਾਫ ਸੁਥਰਾ ਤੇ ਸੁੰਦਰ ਬਣਾ ਕੇ ਪੰਜਾਬ ਦੇ ਮਾਡਲ ਗ੍ਰਾਮ ਪਿੰਡਾਂ ਵਿੱਚ ਸ਼ੁਮਾਰ ਕੀਤਾ ਜਾਵੇ। ਇਸ ਮੌਕੇ ਵਿਨੀਤ ਕੁਮਾਰ ਝੜੌਦੀ,ਸਿਵ ਕੁਮਾਰ ਸਿਵਲੀ, ਬਲਜਿੰਦਰ ਸਿੰਘ,ਜਗਦੀਸ ਸਿੰਘ,ਬਲਜੀਤ ਸਿੰਘ,ਗੁਰਜੀਤ ਸਿੰਘ,ਸਤਿਨਾਮ ਸਿੰਘ ਗਿੱਲ, ਜਰਨੈਲ ਸਿੰਘ,ਜਸਪਾਲ ਸਿੰਘ,ਗੁਰਜੀਤ ਸਿੰਘ,ਜਸਪਾਲ ਸਿੰਘ ਭੱਟੀ, ਧਰਮਵੀਰ ਸਿੰਘ, ਅਜੀਤ ਸਿੰਘ, ਸੁਖਪ੍ਰੀਤ ਸਿੰਘ, ਕਸਮੀਰ ਸਿੰਘ, ਜਸਪਾਲ ਸਿੰਘ ਜੀਤਾ, ਮਲਕੀਤ ਸਿੰਘ, ਸੰਤੋਖ ਸਿੰਘ, ਰਾਜਿੰਦਰ ਸਿੰਘ ਗਿੱਲ,ਹਰਪਾਲ ਸਿੰਘ ਨੰਬਰਦਾਰ,ਜਸਵੀਰ ਸਿੰਘ,ਸੱਤਪਾਲ ਸਿੰਘ, ਦਵਿੰਦਰ ਸਿੰਘ,ਭੁਪਿੰਦਰ ਸਿੰਘ ਕਾਹਲੋ,ਬਲਜੀਤ ਸਿੰਘ ਸਕੱਤਰ,ਕਰਨੈਲ ਸਿੰਘ,ਵਿਜੇਦੇਵ ਸਿੰਘ,ਜੀਤ ਸਿੰਘ ਸੂਬੇਦਾਰ,ਸਰਬਜੋਤ ਸਿੰਘ,ਗੁਰਿੰਦਰ ਸਿੰਘ,ਬਲਪ੍ਰੀਤ ਸਿੰਘ,ਹਰਮੀਤ ਕੌਰ,ਮਨਜਿੰਦਰ ਕੌਰ,ਗੁਰਸਰਨ ਕੌਰ, ਹਰਜੀਤ ਸਿੰਘ, ਅਮਰਜੀਤ ਕੌਰ, ਮਨਦੀਪ ਕੌਰ, ਹਰਜੀਤ ਕੌਰ, ਮਹਿੰਦਰ ਕੌਰ, ਅਮਰ ਕੌਰ ਆਦਿ ਮੋਜੂਦ ਸਨ।

# ਆਰ ਐਸ ਐਸ ਸ਼ਾਖਾ ਜੀਰਕਪੁਰ ਵੱਲੋਂ ਵਿਜਯ ਦਸ਼ਵੀਂ ਉਤਸਵ 13 ਅਕਤੂਬਰ ਨੂੰ

ਜ਼ੀਰਕਪੁਰ (ਲੋਕ ਬਾਣੀ) ਆਰ ਐਸ ਐਸ ਦੀ ਸ਼ਾਖਾ ਜ਼ੀਰਕਪੁਰ ਵੱਲੋਂ ਸ਼੍ਰੀ ਵਿਜਯ ਦਸ਼ਵੀਂ ਉਤਸਵ 13 ਅਕਤੂਬਰ ਨੂੰ ਕਮਿਊਨਿਟੀ ਸੈਂਟਰ ਲੋਹਗੜ੍ਹ ਦੇ ਨਜ਼ਦੀਕ ਜ਼ੀਰਕਪੁਰ ਵਿਖੇ ਮਨਾਇਆ ਜਾ ਰਿਹਾ ਹੈ। ਇਸ ਗੱਲ ਦੀ ਜਾਣਕਾਰੀ ਦਿੰਦੇ ਹੋਏ ਸ਼੍ਰੀ ਸੁਰਿੰਦਰ ਕਸ਼ਯਪ ਨਗਰ ਸੰਘ ਚਾਲਕ, ਸ਼੍ਰੀ ਸੰਨੀ ਕੁਮਾਰ ਨਗਰ ਕਾਰਿਯਵਾਹ , ਪ੍ਰਵਕਤਾ ਸ਼੍ਰੀ ਸੁਭਾਸ਼ ਗੋਇਲ ਅਤੇ ਸ਼੍ਰੀ ਅਨਿਲ ਭਾਰਦਵਾਜ ਨੇ ਦੱਸਿਆ ਕਿ ਹਿੰਦੂ ਸਮਾਜ ਦੇ ਪੌਰੁਸ਼ ਅਤੇ ਪਰਾਕਰਮ ਦਾ ਜਾਗਰਣ ਸ਼੍ਰੀ ਵਿਜੇ ਦਸਵੀਂ ਦੇ ਪਵਿੱਤਰ ਤਿਉਹਾਰ ਤੇ ਹੁੰਦਾ ਹੈ । ਇਹ ਦਿਨ ਆਰ ਐਸ ਐਸ ਵੱਲੋਂ ਇਸ ਕਾਰਨ ਮਨਾਇਆ ਜਾਂਦਾ ਹੈ ਕਿ ਇਸ ਦਿਨ ਸੰਨ 1925 ਵਿੱਚ ਸੰਘ ਦੀ ਸਥਾਪਨਾ ਡਾਕਟਰ ਬਲਰਾਮ ਕ੍ਰਿਸ਼ਨ ਹੇਡਗੇਵਾਰ ਜੀ ਦੇ ਹੱਥੋਂ ਹੋਈ ਸੀ , ਇਸ ਦਿਨ ਸੰਘ ਦੀਆਂ ਸ਼ਾਖਾਵਾਂ ਅੰਦਰ ਸ਼ਕਤੀ ਦੇ ਮਹੱਤਵ ਨੂੰ ਯਾਦ ਰੱਖਣ ਲਈ ਪ੍ਰਤੀਕਾਤਮਕ ਰੂਪ ਵਿੱਚ ਸ਼ਸਤਰ ਪੂਜਨ ਕੀਤਾ ਜਾਂਦਾ ਹੈ । ਉਨਾਂ ਇਹ ਵੀ ਦੱਸਿਆ ਕਿ ਆਰ ਐਸ ਐਸ ਦੀ ਸਥਾਪਨਾ ਦੇ ਅੱਜ 99 ਸਾਲ ਪੂਰੇ ਹੋ ਚੁੱਕੇ ਹਨ ਅਤੇ ਸੰਘ 100 ਵੇਂ ਸਾਲ ਵਿੱਚ ਪ੍ਰਵੇਸ਼ ਕਰ ਰਿਹਾ ਹੈ ।



ਇਹ ਪ੍ਰੋਗਰਾਮ ਸਵੇਰੇ 9 ਵਜੇ ਸ਼ੁਰੂ ਹੋ ਕੇ 10.30 ਵਜੇ ਤੱਕ ਚੱਲੇਗਾ । ਸਵੇਰ 9 ਵਜੇ ਜਲਪਾਨ ਤੋਂ ਬਾਅਦ 9.30 ਤੋਂ 10.30 ਤੱਕ ਸ਼ਸਤਰ ਪੂਜਨ ਅਤੇ ਵਿਜਯ ਦਸ਼ਮੀ ਉਤਸਵ ਹੋਵੇਗਾ। ਉਨਾਂ ਇਹ ਵੀ ਕਿਹਾ ਕਿ ਸਾਨੂੰ ਸਾਰਿਆਂ ਨੂੰ ਦੇਸ਼ ਅਤੇ ਧਰਮ ਦੀ ਰੱਖਿਆ ਲਈ ਹਰ ਤਰ੍ਹਾਂ ਦੀ ਕੁਰਬਾਨੀ ਦੇਣ ਲਈ ਹਮੇਸ਼ਾ ਤਸਪਰ ਰਹਿਣਾ ਚਾਹੀਦਾ ਹੈ।

# ਮੁਹੱਲਾ ਦੀਵਾਨਾ ਦੇ ਬੱਚਿਆਂ ਨੇ ਦੁਸ਼ਹਿਰੇ ਦਾ ਤਿਓਹਾਰ ਖੂਬ ਉਤਸਾਹ ਨਾਲ ਮਨਾਇਆ



ਮਾਲੇਰਕੋਟਲਾ,(ਲੋਕ ਬਾਣੀ)ਬੁਰਾਈ ਉੱਪਰ ਅੱਛਾਈ ਦੇ ਪ੍ਰਤੀਕ ਦੁਸਹਿਰੇ ਦਾ ਤਿਓਹਾਰ ਸਥਾਨਕ ਦੀਵਾਨਾ ਮੁਹੱਲਾ ਦੇ ਛੋਟੇ ਛੋਟੇ ਬੱਚਿਆਂ ਵੱਲੋਂ ਬੜੇ ਜੋਸ਼ ਖਰੋਸ਼ ਅਤੇ ਉਤਸਾਹ ਨਾਲ ਮਨਾਇਆ ਗਿਆ। ਛੋਟੇ ਛੋਟੇ ਬੱਚਿਆਂ ਨੇ ਖੁਦ ਅਪਣੇ ਹੱਥੀਂ ਰਾਵਣ ਦਾ ਪੁਤਲਾ ਬਣਾਇਆ ਅਤੇ ਸ਼ਾਮ ਵੇਲੇ ਅਗਨੀ ਭੇਂਟ ਕੀਤਾ। ਬੱਚਿਆਂ ਦੀ ਖੁਸ਼ੀ ਵੇਖਣ ਨੂੰ ਬਣਦੀ ਸੀ । ਇਸ ਮੌਕੇ ਬੱਚਿਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਵੇਖਦਿਆਂ ਸਮਾਜ ਸੇਵਿਕਾ , ਉੱਚ ਵਿਦਵਾਨ ਅਤੇ ਰਿਟਾਇਰਡ ਪ੍ਰੋਫੈਸਰ ਸਵਰਨ ਚੋਪੜਾ ਨੇ ਕਿਹਾ ਕਿ ਜੇਕਰ ਬਚਪਨ ਤੋਂ ਹੀ ਬੱਚਿਆਂ ਨੂੰ ਗੀਤਾ, ਰਮਾਇਣ ਅਤੇ ਵੇਦਾਂ ਅਦਿ ਦਾ ਗਿਆਨ ਦਿੱਤਾ ਜਾਵੇ ਤਾਂ ਵੱਡੇ ਹੋ ਕੇ ਬੱਚੇ ਅਪਣੇ ਧਰਮ ਪ੍ਰਤੀ ਪਰਿਪੱਕ ਹੋ ਕੇ ਅਪਣੇ ਸੰਸਕਾਰਾਂ ਨਾਲ ਜੁੜੇ ਰਹਿ ਸਕਦੇ ਹਨ । ਉਨਾਂ ਇਹ ਵੀ ਕਿਹਾ ਕਿ ਹਰ ਬੱਚੇ , ਯੁਵਾ , ਬਜੁਰਗ ਚਾਹੇ ਉਹ ਇਸਤਰੀ ਹੋਵੇ ਜਾਂ ਪੁਰਸ਼ ਹਰ ਇੱਕ ਨੂੰ ਅਪਣੇ ਧਰਮ ਦਾ ਗਿਆਨ ਹੋਣਾ ਚਾਹੀਦਾ ਹੈ । ਉਨਾਂ ਇਹ ਵੀ ਕਿਹਾ ਕਿ ਬੱਚਿਆਂ ਨੂੰ ਸਕੂਲੀ ਸਿੱਖਿਆ ਦੇ ਨਾਲ ਨਾਲ ਧਰਮ ਦੀ ਸਿੱਖਿਆ ਵੀ ਦੇਣੀ ਚਾਹੀਦੀ ਹੈ , ਸਾਨੂੰ ਸਾਰੇ ਧਰਮਾਂ ਦਾ ਬਰਾਬਰ ਸਤਿਕਾਰ ਕਰਨਾ ਚਾਹੀਦਾ ਹੈ , ਜੇਕਰ ਬੱਚਿਆਂ ਨੂੰ ਬਚਪਨ ਤੋਂ ਹੀ ਧਾਰਮਿਕ ਸਿੱਖਿਆ ਦਿੱਤੀ ਜਾਵੇਗੀ ਤਾਂ ਉਹ ਵੱਡੇ ਹੋ ਕੇ ਚੰਗੇ ਇਨਸਾਨ ਬਣ ਸਕਣਗੇ । ਮੁਹੱਲਾ ਨਿਵਾਸੀਆਂ ਨੇ ਬੱਚਿਆਂ ਦੇ ਇਸ ਉਪਰਾਲੇ , ਉਤਸਾਹ ਅਤੇ ਧਾਰਮਿਕ ਭਾਵਨਾਵਾਂ ਦੀ ਭਰਪੂਰ ਪ੍ਰਸ਼ੰਸਾ ਕੀਤੀ।

# ਹਰ ਸ਼ੁਕਰਵਾਰ, ਡੇਂਗੂ ਤੇ ਵਾਰ ਡੇਂਗੂ ਜਾਗਰੂਕਤਾ ਮੁਹਿੰਮ ਤਹਿਤ ਜਿਲੇ□ ਭਰ ਵਿੱਚ ਰੈਲੀਆਂ, ਸਪਰੇਅ ਅਤੇ ਜਾਗਰੂਕਤਾ ਗਤੀਵਿਧੀਆਂ ਲਈ ਕੀਤੀਆਂ ਟੀਮਾਂ ਰਵਾਨਾ

ਅੰਮ੍ਰਿਤਸਰ (ਲੋਕ ਬਾਣੀ) ਨੈਸ਼ਨਲ ਡੇਂਗੂ ਕੰਟਰੋਲ ਪ੍ਰੋਗਰਾਮ ਤਹਿਤ ਸਿਹਤ ਵਿਭਾਗ ਵਲੋਂ ਸਿਵਲ ਸਰਜਨ ਡਾ ਕਿਰਨਦੀਪ ਕੌਰ ਜੀ ਦੀ ਅਗਵਾਹੀ ਹੇਠਾਂ ਦਫਤਰ ਸਿਵਲ ਸਰਜਨ ਵਿਖੇ ਤੋਂ ਜਿਲ੍ਹੇ ਭਰ ਦੇ ਵੱਖ-ਵੱਖ ਇਲਾਕਿਆ ਵਿੱਚ ਰੈਲੀਆਂ, ਸਪਰੇਅ ਅਤੇ ਜਾਗਰੂਕਤਾ ਗਤੀਵਿਧੀਆਂ ਲਈ ਟੀਮਾਂ ਰਵਾਨਾ ਕੀਤੀਆਂ ਗਈਆਂ। ਇਸ ਅਵਸਰ ਤੇ ਜਾਣਕਾਰੀ ਸਾਂਝੀ ਕਰਦਿਆਂ ਸਿਵਲ ਸਰਜਨ ਡਾ ਕਿਰਨਦੀਪ ਕੌਰ ਨੇ ਦੱਸਿਆ ਕਿ ਸਿਹਤ ਵਿਭਾਗ ਵਲੋਂ ਜਿਲੇ□ ਭਰ ਵਿਚ ਸਾਰੀਆਂ ਸਿਹਤ ਸੰਸਥਾਵਾਂ ਵਿੱਚ ਹਰ ਸ਼ੁਕਰਵਾਰ, ਡੇਗੂ ਤੇ ਵਾਰ ਥੀਮ ਤਹਿਤ ਡੇਂਗੂ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ। ਇਸ ਮੁਹਿੰਮ ਦੌਰਾਨ ਰੈਲੀਆਂ, ਜਾਗਰੂਕਤਾ ਗਤੀਵਿਧੀਆਂ, ਸਪਰੇ, ਫੋਗਿੰਗ, ਬ੍ਰੀਡਿੰਗ ਚੈਕਿੰਗ ਅਤੇ ਚਲਾਣ ਕੱਟਣ ਦੀਆਂ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ। ਇਸਤੋਂ ਪਹਿਲਾਂ ਦਫਤਰ ਸਿਵਲ ਸਰਜਨ ਵਿਖੇ ਜਿਲ੍ਹਾ ਐਪੀਡਿਮੋਲੋਜਿਸਟ ਡਾ ਹਰਜੋਤ ਕੌਰ ਅਤੇ ਜਿਲਾ□ ਮਾਸ ਮੀਡੀਆਂ ਅਫਸਰ ਅਮਰਦੀਪ ਸਿੰਘ ਵਲੋਂ ਸ੍ਰੀ ਮਦਨ ਲਾਲ ਢੀਂਗਰਾ ਸਰਕਾਰੀ ਨਰਸਿੰਗ ਕਾਲਜ ਦੀਆਂ ਵਿਦਿਆਰਥਣਾਂ ਨੂੰ ਲਾਰਵਾ ਫਾਇੰਡਿਗ ਅਤੇ ਬ੍ਰੀਡਿੰਗ ਚੈਕਿੰਗ ਦੀ ਟ੍ਰੇਨਿੰਗ ਦਿੱਤੀ ਗਈ ਅਤੇ ਇਸ ਉਪਰੰਤ ਇਕ ਵਿਸ਼ਾਲ ਰੈਲੀ ਕੱਢ ਕੇ ਇਸ ਮੁਹਿੰਮ ਦਾ ਆਗਾਜ ਕੀਤਾ ਗਿਆ। ਡਾ ਕਿਰਨਦੀਪ ਕੌਰ ਵਲੋਂ ਆਮ ਜਨਤਾ ਨੂੰ ਅਪੀਲ ਕੀਤੀ ਕਿ ਡੇਂਗੂ ਸੀਜ਼ਨ ਨੂੰ ਮੱਖ ਰੱਖਦਿਆ ਸਿਹਤ ਵਿਭਾਗ ਨੂੰ ਸਹਿਯੋਗ ਕੀਤਾ ਜਾਵੇ, ਕਿਉਂਕਿ ਡੇਗੂ ਤੋ ਬੱਚਣ ਲਈ ਸਭ ਤੋ ਜਿਆਦਾ ਜਰੂਰੀ ਹੈ ਕਿ ਮੱਛਰ ਦੀ ਪੈਦਾਵਾਰ ਨੂੰ ਹੀ ਰੋਕਿਆ ਜਾਵੇ ਅਤੇ ਕਿਸੇ ਵੀ ਜਗ੍ਹਾ ਤੇ ਪਾਣੀ ਇਕੱਠਾ ਨਾਂ ਹੋਣ ਦਿੱਤਾ ਜਾਵੇ, ਆਪਣੇ ਘਰਾਂ ਵਿਚ ਫਰਿਜਾਂ ਦੀਆਂ ਟਰੇਆਂ, ਗਮਲਿਆ, ਕੂਲਰਾਂ ਆਦਿ ਦੀ ਸਫਾਈ ਹਰ ਸ਼ੁਕਰਵਾਰ ਜਾਂ ਹਫਤੇ ਵਿਚ ਇਕ ਵਾਰੀ ਕਰਨੀਂ ਯਕੀਨੀ ਬਣਾਈ ਜਾਵੇ, ਪੂਰੀ ਬਾਂਹ ਦੇ ਕਪੜੇ ਪਹਿਨੇ ਜਾਣ, ਮੱਛਰਦਾਨੀ ਅਤੇ ਮੱਛਰ ਭਜਾਉਣ ਵਾਲੀਆ ਕਰੀਮਾਂ ਸਪਰੇਅ ਦਾ ਇਸਤੇਮਾਲ ਕੀਤਾ ਜਾਵੇ ਅਤੇ ਕਿਸੇ ਵੀ ਕਿਸਮ ਦਾ ਬੁਖਾਰ ਹੋਣ ਦੀ ਸੂਰਤ ਵਿਚ ਤੁਰੰਤ ਨਜਦੀਕ ਦੇ ਸਰਕਾਰੀ ਹਸਪਤਾਲ ਤੋਂ ਆਪਣਾਂ ਮੁਫਤ ਇਲਾਜ ਅਤੇ ਜਾਂਚ ਕਰਵਾਈ ਜਾਵੇ ਇਸ ਮੌਕੇ ਤੇ ਜਿਲਾ ਐਪੀਡਿਮੋਲੋਜਿਸਟ ਡਾ ਹਰਜੋਤ ਕੌਰ ਨੇ ਕਿਹਾ ਕਿ ਡੇਂਗੂ ਦੀ ਰੋਕਥਾਮ ਸੰਬਧੀ ਜਿਲ੍ਹੇ ਭਰ ਵਿਚ ਡੇਂਗੂ ਵਾਰਡਾਂ ਤਿਆਰ ਕੀਤੀਆਂ ਗਈਆਂ ਹਨ। ਜਿਨਾਂ ਵਿੱਚ ਸਿਵਲ ਹਸਪਤਾਲ ਅੰਮ੍ਰਿਤਸਰ, ਹਰੇਕ ਸਬ ਡਜਿਵੀਜਨਲ ਹਸਪਤਾਲਾਂ ਅਤੇ ਹਰੇਕ ਬਲਾਕ ਪੱਧਰ ਤੇ ਵੀ ਡੇਂਗੂ ਵਾਰਡਾਂ ਬਣਾਈਆਂ ਗਈਆ ਹਨ। ਐਂਟੀ ਲਾਰਵਾ ਵਿੰਗ ਵਿਚ 15 ਟੀਮਾਂ ਕੰਮ ਕਰ ਰਹੀਆ ਜੋ ਕਿ ਰੋਜਾਨਾਂ ਸ਼ਹਿਰ ਦੇ ਅਲੱਗ-ਅੱਲਗ ਹਿੱਸਿਆਂ ਵਿਚ ਖਾਸ ਕਰਕੇ ਹੋਟਸਪੋਟ ਖੇਤਰਾਂ ਵਿਚ ਜਾ ਕੇ ਐਂਟੀਲਾਰਵਾ ਗਤੀਵਿਧੀਆ ਕਰ ਰਹੀਆਂ ਹਨ। ਇਸਤੋਂ ਇਲਾਵਾ ਸਾਰੇ ਪ੍ਰਾਇਵੇਟ ਹਸਪਤਾਲਾਂ ਅਤੇ ਲੈਬੋਰਟਰੀਆਂ ਨੂੰ ਅਗਾਹ ਕੀਤਾ ਜਾ ਚੁੱਕਿਆ ਹੈ ਕਿ ਕੋਈ ਵੀ ਕੇਸ ਸਾਹਮਣੇ ਆਉਣ ਤੇ ਤੁਰੰਤ ਸਿਹਤ ਵਿਭਾਗ ਨੂੰ ਸੂਚਿਤ ਕੀਤਾ ਜਾਵੇ। ਇਸ ਮੋਕੇ ਤੇ ਸਹਾਇਕ ਸਿਵਲ ਸਰਜਨ ਡਾ ਰਜਿੰਦਰ ਪਾਲ ਕੌਰ, ਜਿਲਾ□ ਟੀਕਾਕਰਣ ਅਫਸਰ ਡਾ ਭਾਰਤੀ ਧਵਨ, ਜਿਲਾ□ ਪਰਿਵਾਰ ਭਲਾਈ ਅਫਸਰ ਡਾ ਨੀਲਮ ਭਗਤ, ਜਿਲਾ□ ਸਿਹਤ ਅਫਸਰ ਡਾ ਜਸਪਾਲ ਸਿੰਘ, ਡਾ ਨਵਦੀਪ ਕੌਰ, ਜਿਲਾ□ ਅਕਾਂਓਂਟ ਅਫਸਰ ਮਲਵਿੰਦਰ ਸਿੰਘ, ਐਸ.ਆਈ. ਗੁਰਦੇਵ ਸਿੰਘ ਢਿਲੋਂ, ਸੁਖਦੇਵ ਸਿੰਘ, ਹਰਵਿੰਦਰ ਸਿੰਘ, ਹਰਕਮਲ ਸਿੰਘ, ਰਜਿੰਦਰ ਸਿੰਘ, ਬਲਵਿੰਦਰ ਸਿੰਘ, ਪਰਮਜੀਤ ਸਿੰਘ, ਹਰਮੀਤ ਸਿੰਘ, ਰਣਜੋਧ ਸਿੰਘ, ਬਿਕਰਮਜੀਤ ਸਿੰਘ, ਕਲਦੀਪ ਸਿੰਘ, ਗੁਰਪਾਲ ਸਿੰਘ, ਸੰਜੀਵ ਕੁਮਾਰ ਸਮੂਹ ਫੀਲਡ ਵਰਕਰ/ਬ੍ਰੀਡਿੰਗ ਕੈਚਰ ਅਤੇ ਐਂਟੀ ਲਾਰਵਾ ਸਟਾਫ ਅਤੇ ਨਰਸਿੰਗ ਕਾਲਜਾਂ ਦੇ ਵਿਦਿਆਰਥੀ ਵੀ ਸ਼ਾਮਲ ਹੋਏ।



# ਪੀਐਮ ਮੋਦੀ ਨੇ 10 ਸਾਲਾਂ ਵਿੱਚ ਹਰ ਖੇਤਰ ਵਿੱਚ ਭਾਰਤ ਨੂੰ ਦੁਨੀਆ ਵਿੱਚ ਪਹਿਲਾ ਬਣਾਉਣ ਦੀ ਨੀਂਹ ਰੱਖੀ: ਸ਼ਾਹ




ਚੰਡੀਗੜ੍ਹ, (ਲੋਕ ਬਾਣੀ) ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਤੇ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਅਮਿਤ ਸ਼ਾਹ ਨੇ ਪੀਐਚਡੀ ਚੈਂਬਰ ਆਫ਼ ਕਾਮਰਸ ਐਂਡ ਇੰਡਸਟਰੀ ਦੇ 119ਵੇਂ ਸਾਲਾਨਾ ਸੰਮੇਲਨ ਨੂੰ ਮੁੱਖ ਮਹਿਮਾਨ ਵਜੋਂ ਸੰਬੋਧਨ ਕਰਦਿਆਂ ਸਪੱਸ਼ਟ ਸੰਦੇਸ਼ ਦਿੱਤਾ ਕਿ ਭਾਰਤ ਨੂੰ ਵਿਸ਼ਵ ਵਿੱਚ ਸਭ ਤੋਂ ਪਹਿਲਾਂ ਬਣਾਉਣ ਦੀ ਨੀਂਹ ਡਾ. ਹਰ ਖੇਤਰ ਵਿੱਚ ਮੋਦੀ ਜੀ ਨੇ ਪਿਛਲੇ 10 ਸਾਲਾਂ ਵਿੱਚ ਬਹੁਤ ਕੰਮ ਕੀਤਾ ਹੈ।

ਜੇਕਰ ਮੋਦੀ ਸਰਕਾਰ ਦੇ ਪਿਛਲੇ 10 ਸਾਲਾਂ ਦੇ ਟਰੈਕ ਰਿਕਾਰਡ ਤੇ ਨਜ਼ਰ ਮਾਰੀਏ ਤਾਂ ਸ਼ਾਹ ਦਾ ਇਹ ਦਾਅਵਾ ਕਿ ਉਹ ਨਵੇਂ ਭਾਰਤ ਦੇ ਨਿਰਮਾਣ ਚ ਲੱਗੇ ਹੋਏ ਹਨ, 100 ਫੀਸਦੀ ਸੱਚ ਜਾਪਦਾ ਹੈ। ਬੁਨਿਆਦੀ ਢਾਂਚੇ ਦਾ ਵਿਕਾਸ, ਭਾਰਤ ਨੂੰ ਦੁਨੀਆ ਭਰ ਵਿੱਚ ਨਿਰਮਾਣ ਦਾ ਧੁਰਾ ਬਣਾਉਣ ਦਾ ਕੰਮ, ਨਿਵੇਸ਼ਕ ਅਨੁਕੂਲ ਵਾਤਾਵਰਣ ਪ੍ਰਣਾਲੀ ਦੀ ਸਿਰਜਣਾ, ਹੁਨਰਮੰਦ ਕਾਰਜ ਸ਼ਕਤੀ ਦੀ ਸਿਰਜਣਾ, ਖੋਜ ਅਤੇ ਵਿਕਾਸ ਨੂੰ ਉਤਸ਼ਾਹਿਤ ਕਰਨ ਦਾ ਕੰਮ, ਭਾਰਤ ਨੂੰ ਉੱਭਰਦੀ ਤਕਨਾਲੋਜੀ ਵਿੱਚ ਮੋਹਰੀ ਬਣਾਉਣ ਦਾ ਕੰਮ, ਡੂੰਘੇ ਸਮੁੰਦਰੀ ਮੋਦੀ ਜੀ। ਨੇ ਸਮੁੰਦਰੀ ਆਰਥਿਕਤਾ ਅਤੇ ਪੁਲਾੜ ਵਰਗੇ ਖੇਤਰਾਂ ਵਿੱਚ ਨਵੀਂ ਸ਼ੁਰੂਆਤ ਕਰਨ ਦਾ ਕੰਮ ਬਹੁਤ ਦੂਰਅੰਦੇਸ਼ੀ ਨਾਲ ਕੀਤਾ ਹੈ। ਦੁਨੀਆ ਦੀ ਸਭ ਤੋਂ ਲੰਬੀ ਹਾਈਵੇਅ ਸੁਰੰਗ ਅੱਜ ਭਾਰਤ ਵਿੱਚ ਹੈ। ਦੁਨੀਆ ਦਾ ਸਭ ਤੋਂ ਉੱਚਾ ਰੇਲਵੇ ਪੁਲ ਭਾਰਤ ਵਿੱਚ ਹੈ। ਕੋਲਕਾਤਾ ਦੀ ਅੰਡਰਵਾਟਰ ਮੈਟਰੋ ਵਰਗਾ ਬੁਨਿਆਦੀ ਢਾਂਚਾ ਪਿਛਲੇ 10 ਸਾਲਾਂ ਵਿੱਚ ਬਣਾਇਆ ਗਿਆ ਹੈ। ਅੰਡੇਮਾਨ ਨਿਕੋਬਾਰ ਅਤੇ ਲਕਸ਼ਦੀਪ ਵਿੱਚ ਸਮੁੰਦਰ ਦੇ ਹੇਠਾਂ ਵਿਛਾਏ ਆਪਟੀਕਲ ਫਾਈਬਰ ਰਾਹੀਂ ਦੂਰ-ਦੁਰਾਡੇ ਦੇ ਖੇਤਰਾਂ ਤੱਕ ਸੰਪਰਕ ਲਿਆਉਣ ਅਤੇ ਚੰਦਰਮਾ ਦੇ ਸ਼ਿਵ ਸ਼ਕਤੀ ਪੁਆਇੰਟ ਤੇ ਤਿਰੰਗਾ ਲਹਿਰਾ ਕੇ ਵਪਾਰਕ ਮੌਕਿਆਂ ਨੂੰ ਉਤਸ਼ਾਹਿਤ ਕਰਨਾ ਹਰ ਭਾਰਤੀ ਲਈ ਮਾਣ ਵਾਲੀ ਗੱਲ ਹੈ। ਸਾਗਰਮਾਲਾ ਪਰਿਯੋਜਨਾ ਰਾਹੀਂ ਪਛੜੇ ਖੇਤਰਾਂ ਨੂੰ ਸੜਕੀ ਨੈੱਟਵਰਕ ਨਾਲ ਜੋੜਨਾ, ਵੰਦੇ ਭਾਰਤ ਟਰੇਨ ਰਾਹੀਂ ਦੇਸ਼ ਭਰ ਵਿੱਚ ਸੁਵਿਧਾਜਨਕ ਯਾਤਰਾ ਦਾ ਇੱਕ ਨਵਾਂ ਰਾਹ ਖੋਲ੍ਹਣਾ, ਸੈਮੀ-ਕੰਡਕਟਰ ਨਿਰਮਾਣ ਰਾਹੀਂ ਦੇਸ਼ ਹੀ ਨਹੀਂ ਸਗੋਂ ਵਿਸ਼ਵ ਦੀਆਂ ਲੋੜਾਂ ਨੂੰ ਪੂਰਾ ਕਰਨਾ, ਇਲੈਕਟ੍ਰਿਕ ਵਾਹਨਾਂ ਵਿੱਚ ਇੱਕ ਨਵੀਂ ਕ੍ਰਾਂਤੀ ਲਿਆਉਣਾ। ਆਪਣੇ ਆਪ ਵਿੱਚ ਇੱਕ ਵੱਡੀ ਪ੍ਰਾਪਤੀ ਹੈ। ਅੱਜ ਅਸੀਂ ਦੁਨੀਆ ਦੀ ਸਭ ਤੋਂ ਵੱਡੀ ਅਤੇ ਤੇਜ਼ੀ ਨਾਲ ਵਧ ਰਹੀ ਸਟਾਰਟਅੱਪ ਅਰਥਵਿਵਸਥਾ ਬਣ ਗਏ ਹਾਂ। ਭਾਰਤ ਨੇ ਦੁਨੀਆ ਦੀ ਸਭ ਤੋਂ ਵੱਡੀ ਡਿਜੀਟਲ ਭੁਗਤਾਨ ਪ੍ਰਣਾਲੀ ਸ਼ੁਰੂ ਕੀਤੀ ਹੈ, ਜਿਸ ਨੂੰ ਦੁਨੀਆ ਦੇ ਹੋਰ ਦੇਸ਼ਾਂ ਦੁਆਰਾ ਸਵੀਕਾਰ ਕੀਤਾ ਜਾ ਰਿਹਾ ਹੈ। ਭੋਜਨ ਸੁਰੱਖਿਆ ਤੋਂ ਲੈ ਕੇ ਸਿਹਤ ਸੁਰੱਖਿਆ ਤੱਕ, ਪਿਛਲੇ 10 ਸਾਲਾਂ ਵਿੱਚ ਸਾਰੇ ਪਹਿਲੂਆਂ ਨੂੰ ਯਕੀਨੀ ਬਣਾਇਆ ਗਿਆ ਹੈ।

ਉਹ ਦਿਨ ਦੂਰ ਨਹੀਂ ਜਦੋਂ ਸਾਲ 2047 ਵਿੱਚ ਦੇਸ਼ ਦੀ ਆਜ਼ਾਦੀ ਦੀ ਸ਼ਤਾਬਦੀ ਮਨਾਈ ਜਾਵੇਗੀ, ਤਦ ਭਾਰਤ ਇੱਕ ਪੂਰੀ ਤਰ੍ਹਾਂ ਵਿਕਸਤ ਦੇਸ਼ ਵਜੋਂ ਦੁਨੀਆ ਦੇ ਸਾਹਮਣੇ ਖੜ੍ਹਾ ਹੋਵੇਗਾ ਅਤੇ ਸਾਲ 2027 ਤੱਕ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਦੀ ਸੂਚੀ ਵਿੱਚ ਸ਼ਾਮਲ ਹੋ ਜਾਵੇਗਾ। . ਦੇਸ਼ ਹੀ ਨਹੀਂ ਦੁਨੀਆ ਨੇ ਦੇਖਿਆ ਹੈ ਕਿ ਮੋਦੀ ਜੀ ਇਨ੍ਹਾਂ ਦੋਹਾਂ ਟੀਚਿਆਂ ਨੂੰ ਪੂਰਾ ਕਰਨ ਲਈ 10 ਸਾਲਾਂ ਤੋਂ ਕਈ ਯੋਜਨਾਵਾਂ ਨਾਲ ਯਤਨਸ਼ੀਲ ਹਨ।

ਭਾਰਤੀ ਰਾਜਨੀਤੀ ਨੂੰ ਨਵੀਂ ਪਛਾਣ ਦੇਣ ਵਾਲੇ ਸ਼ਾਹ ਅਤੇ ਦੇਸ਼ ਦੇ 130 ਕਰੋੜ ਲੋਕਾਂ ਦਾ ਮੰਨਣਾ ਹੈ ਕਿ ਮੋਦੀ ਜੀ ਵਿੱਚ ਦੂਰਅੰਦੇਸ਼ੀ, ਅਨੁਭਵ ਅਤੇ ਪ੍ਰਤੀਬੱਧਤਾ ਦਾ ਅਦਭੁਤ ਸੁਮੇਲ ਹੈ, ਇਸੇ ਕਰਕੇ ਮੋਦੀ ਜੀ ਪਹਿਲਾਂ ਮੁੱਖ ਮੰਤਰੀ ਬਣੇ ਅਤੇ ਫਿਰ ਦੇਸ਼ ਦੇ ਪ੍ਰਧਾਨ ਮੰਤਰੀ ਬਣੇ। ਕਾਰ ਲਗਾਤਾਰ ਤੀਜੀ ਵਾਰ 23 ਸਾਲਾਂ ਤੋਂ ਲੋਕਤਾਂਤਰਿਕ ਢੰਗਾਂ ਰਾਹੀਂ ਜਨਤਾ ਦਾ ਭਰੋਸਾ ਜਿੱਤ ਰਹੀ ਹੈ।

ਰੋਜ਼ਾਨਾ ਲੋਕ ਬਾਣੀ www.lokbani

# 20 ਨੂੰ ਮੋਰਿੰਡਾ ਵਿਖੇ ਲੱਗੇਗਾ ਅੱਖਾਂ ਦਾ ਮੁਫਤ ਅਪਰੇਸ਼ਨ ਕੈਂਪ-: ਆਤਮਾ ਸਿੰਘ



ਸ੍ਰੀ ਅਨੰਦਪੁਰ ਸਾਹਿਬ (ਦਵਿੰਦਰਪਾਲ ਸਿੰਘ): ਜਿਲ੍ਹਾ ਸਿਕਾਇਤ ਨਿਵਾਰਨ ਕਮੇਟੀ ਦੇ ਸਾਬਕਾ ਮੈਂਬਰ ਆਤਮਾ ਸਿੰਘ ਘੱਟੀਵਾਲ ਨੇ ਦੱਸਿਆ ਕਿ 20 ਅਕਤੂਬਰ ਨੂੰ ਮੋਰਿੰਡਾ ਵਿਖੇ ਅੱਖਾਂ ਦਾ ਮੁਫਤ ਅਪਰੇਸ਼ਨ ਕੈਂਪ ਲਗਾਇਆ ਜਾਵੇਗਾ।ਇਸ ਸਹੂਲਤ ਨੂੰ ਲੈਣ ਲਈ ਲੋੜਵੰਦ ਮਰੀਜ 20 ਅਕਤੂਬਰ ਨੂੰ ਸਵੇਰੇ 8 ਵਜੇ ਤੰਦੂਰੀ ਪੁਆਇੰਟ ਢਾਬਾ ਮੁੱਖ ਸ਼ੜਕ ਘੱਟੀਵਾਲ ਵਿਖੇ ਪਹੁੰਚਣ।ਜਿਨ੍ਹਾ ਨੂੰ ਮਿੰਨੀ ਬੱਸ ਰਾਹੀਂ ਮੋਰਿੰਡਾ ਲਿਜਾਇਆ ਜਾਵੇਗਾ। ਅਤੇ ਅਪਰੇਸ਼ਨ ਹੋਣ ਤੋਂ ਬਾਅਦ ਵਾਪਸੀ ਤੇ ਛੱਡਿਆ ਵੀ ਜਾਵੇਗਾ। ਉਨ੍ਹਾ ਕਿਹਾ ਕਿ ਮਰੀਜਾਂ ਦੀ ਸੂਗਰ ਅਤੇ ਬਲੱਡ ਪ੍ਰੈਸ਼ਰ ਠੀਕ ਹੋਣਾ ਚਾਹੀਦਾ ਹੈ। ਤਾਂਹੀ ਉਨ੍ਹਾਂ ਦੇ ਅਪਰੇਸ਼ਨ ਹੋਣਗੇ। ਉਨ੍ਹਾ ਨਾਲ ਹੀ ਮਰੀਜਾਂ ਨੂੰ ਅਪੀਲ ਕੀਤੀ ਕਿ ਉਹ ਉਨ੍ਹਾਂ ਦੇ ਦਫਤਰ ਤੰਦੂਰੀ ਪੁਆਇੰਟ ਢਾਬਾ ਜਾਂ ਉਨ੍ਹਾਂ ਦੇ ਮੋਬਾਇਲ ਨੰਬਰ 98726—94916 ਤੇ ਸੰਪਰਕ ਕਰ ਸਕਦੇ ਹਨ।

ਰੋਜ਼ਾਨਾ ਲੋਕ ਬਾਣੀ www.lokbani

# ਵੋਟਰ ਬਾਲਟੀ ਚੋਣ ਨਿਸਾਨ ਤੇ ਮੋਹਰਾਂ ਲਗਾਉਣ ਦਾ ਮਨ ਬਣਾ ਚੁੱਕੇ ਹਨ: ਮਨਵੀਰ ਬੜੀ



ਸ਼ੇਰਪੁਰ (ਸੱਤਪਾਲ ਸਿੰਘ ਕਾਲਾਬੂਲਾ) ਪਿੰਡ ਬੜੀ ਦੀ ਜਨਰਲ ਸੀਟ ਤੋਂ ਚੋਣ ਮੈਦਾਨ ਵਿੱਚ ਨਿਤਰੇ ਪੜ੍ਹੇ ਲਿਖੇ ਸਰਬ ਸਾਂਝੇ ਨੌਜਵਾਨ ਉਮੀਦਵਾਰ ਮਨਵੀਰ ਸਿੰਘ ਬੜੀ ਨੇ ਵੀ ਆਪਣੀ ਚੋਣ ਮੁਹਿੰਮ ਨੂੰ ਪੂਰੀ ਤਰ੍ਹਾਂ ਭਖਾ ਦਿੱਤਾ ਹੈ। ਉਨਾਂ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਹੈ ਕਿ ਪਿੰਡ ਦੇ ਨੌਜਵਾਨ ਵੋਟਰ ਖੁਦ ਉਹਨਾਂ ਨਾਲ ਵਿਸ਼ੇਸ਼ ਮੀਟਿੰਗਾਂ ਕਰਕੇ ਉਹਨਾਂ ਨੂੰ ਜਿਤਾਉਣ ਲਈ ਪੱਬਾ ਭਰ ਹੋਏ ਪਏ ਹਨ। ਉਹਨਾਂ ਦੱਸਿਆ ਕਿ ਮੈਨੂੰ ਪੂਰਾ ਮਾਣ ਹੈ ਕਿ ਮੇਰੇ ਨਾਲ ਸਾਬਕਾ ਸਰਪੰਚ ਸਾਬਕਾ ਸੰਮਤੀ ਮੈਂਬਰਾਂ ਵੱਡੀ ਗਿਣਤੀ ਵਿੱਚ ਨਗਰ ਉਹਨਾਂ ਦੀ ਚੋਣ ਮਹਿਮ ਨੂੰ ਆਪ ਮੂਹਰੇ ਹੋ ਕੇ ਚਲਾ ਰਹੇ ਹਨ। ਕਿਉਂਕਿ ਉਹਨਾਂ ਦਾ ਮਕਸਦ ਪਿੰਡ ਦੀ ਨੁਹਾਰ ਬਦਲਣਾ ਹੈ। ਮਨਵੀਰ ਬੜੀ ਨੇ ਦੱਸਿਆ ਹੈ ਕਿ ਮੈਂ ਪਹਿਲਾਂ ਵੀ ਆਖ ਚੁੱਕਾ ਹਾਂ ਕਿ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਅਤੇ ਪਿੰਡ ਦੇ ਸੁਲਝੇ ਅਤੇ ਸਿਆਣੇ ਲੋਕਾਂ ਦੇ ਆਸ਼ੀਰਵਾਦ ਸਦਕਾ ਉਹ ਪਿੰਡ ਵਿੱਚ ਸੀਵਰੇਜ ਦਾ ਪ੍ਰਬੰਧ ਕਰਵਾਉਣਾ. ਸ਼ਾਨਦਾਰ ਪਾਰਕਾਂ, ਨੌਜਵਾਨ ਲਈ ਖਾਸ ਖੇਡਾਂ ਦਾ ਪ੍ਰਬੰਧ, ਸਰਕਾਰੀ ਡਿਸਪੈਂਸਰੀ ਨੂੰ ਹੋਰ ਵਧੀਆ ਬਣਾਉਣਾ, ਸਕੂਲ ਦੀ ਦਿੱਖ ਨੂੰ ਨਿਖਾਰਨਾ, ਨੌਜਵਾਨ ਪੀੜੀ ਨੂੰ ਨਸ਼ਿਆਂ ਤੋਂ ਦੂਰ ਕਰਨ ਲਈ ਵਿਸ਼ੇਸ਼ ਪ੍ਰੋਗਰਾਮ, ਸਰਕਾਰੀ ਸਕੀਮਾਂ ਨੂੰ ਲੋੜਵੰਦ ਪਰਿਵਾਰਾਂ ਦੇ ਬੂਹੇ ਤੱਕ ਪਹੁੰਚਾਉਣਾ ਉਹਨਾਂ ਦਾ ਮੁੱਖ ਮਕਸਦ ਹੋਵੇਗਾ। ਉਹਨਾਂ ਕਿਹਾ ਹੈ ਕਿ ਵੋਟਰਾਂ ਦੀ ਪੂਰੀ ਮਿਹਨਤ 15 ਅਕਤੂਬਰ ਨੂੰ ਜ਼ਰੂਰ ਰੰਗ ਲਿਆਵੇਗੀ ਕਿਉਂਕਿ ਲੋਕ ਬਾਲਟੀ ਚੋਣ ਨਿਸਾਨ ਤੇ ਮੋਹਰਾਂ ਲਗਾਉਣ ਦਾ ਮਨ ਬਣਾ ਚੁੱਕੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਬਕਾ ਸਰਪੰਚ ਜਸਮੇਲ ਸਿੰਘ ਬੜੀ, ਸਾਬਕਾ ਸਰਪੰਚ ਗੁਰਜੀਤ ਸਿੰਘ, ਸਾਬਕਾ ਸਰਪੰਚ ਦਰਸ਼ਨ ਸਿੰਘ, ਮਨਪ੍ਰੀਤ ਕੌਰ, ਪਰਮਜੀਤ ਕੌਰ ਦੋਵੇਂ ਸਾਬਕਾ ਬਲਾਕ ਸੰਮਤੀ ਮੈਂਬਰ, ਕੁਲਵਿੰਦਰ ਦੇਵੀ ਗੁਰਦੀਪ ਸਿੰਘ, ਕੁਲਦੀਪ ਸਿੰਘ, ਹਰਪ੍ਰੀਤ ਸਿੰਘ, ਅਤੇ ਕੁਲਦੀਪ ਸਿੰਘ, ਸਿੰਦਰਪਾਲ ਸ਼ਰਮਾ, ਹਰਵਿੰਦਰ ਸਿੰਘ, ਜੱਗਾ ਬਾਠ, ਹਰਵੀਰ ਸਿੰਘ, ਇੰਦਰਜੀਤ ਸਿੰਘ, ਅਵਤਾਰ ਸਿੰਘ ਤਾਰੀ, ਗੁਰਪ੍ਰੀਤ ਸਿੰਘ ਗੋਪੀ, ਹਰਪਾਲ ਸਿੰਘ, ਸਪਿੰਦਰਜੀਤ ਸਿੰਘ ਲਾਡੀ ਮੇਜਰ ਸਿੰਘ ਅਤੇ ਹਰਜਿੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਨੌਜਵਾਨ ਹਾਜ਼ਰ ਸਨ।

ਰੋਜ਼ਾਨਾ ਲੋਕ ਬਾਣੀ www.lokbani

# ਮੈਂ ਸਰਪੰਚ ਨਹੀਂ ਇੱਕ ਸੇਵਾਦਾਰ ਹੋ ਕੇ ਵਿਚਰਾਂਗਾ ਡਾਕਟਰ ਜਗਜੀਵਨ ਸਿੰਘ

## ਰੋਡ ਰੋਲਰ ਵੱਲ ਵਧਣ ਲੱਗੀ ਵੋਟਰਾਂ ਦੀ ਦਿਲਚਸਪੀ




ਸ਼ੇਰਪੁਰ (ਸੱਤਪਾਲ ਸਿੰਘ ਕਾਲਾਬੂਲਾ) ਕਸਬਾ ਸ਼ੇਰਪੁਰ ਦੀ ਜਨਰਲ ਸੀਟ ਤੋਂ ਟੱਕਰ ਦੇ ਰਹੇ ਪੜੇ ਲਿਖੇ ਸੁਲਝੇ ਹੋਏ ਅਤੇ ਸਾਬਕਾ ਡੀਐਚਓ ਡਾਕਟਰ ਜਗਜੀਵਨ ਸਿੰਘ ਸ਼ੇਰਪੁਰ ਨੇ ਆਪਣੀ ਚੋਣ ਮੁਹਿੰਮ ਨੂੰ ਪੂਰੀ ਤਰ੍ਹਾਂ ਭਖਾ ਦਿੱਤਾ ਹੈ। ਉਨਾਂ ਦੇ ਸਮਰਥਕਾਂ ਨੇ ਅੱਜ ਦੁਕਾਨਦਾਰਾਂ ਅਤੇ ਵੱਖ ਵੱਖ ਵਾਰਡਾਂ ਅੰਦਰ ਜਾ ਕੇ ਲੋਕਾਂ ਨੂੰ ਰੋਡ ਰੋਲਰ ਤੇ ਮੋਹਰਾ ਲਾਉਣ ਦੀ ਅਪੀਲ ਕੀਤੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾਕਟਰ ਜਗਜੀਵਨ ਸਿੰਘ ਨੇ ਦੱਸਿਆ ਕਿ ਸਰਪੰਚੀ ਦੀ ਚੋਣ ਲੜਨ ਦੀ ਤਿਆਰੀ ਉਹਨਾਂ ਦੀ ਇੱਕ ਸਾਲ ਪਹਿਲਾਂ ਤੋਂ ਹੀ ਕੀਤੀ ਹੋਈ ਹੈ। ਉਹਨਾਂ ਦੱਸਿਆ ਕਿ ਮੈਂ ਨੇੜਿਓਂ ਦੇਖਿਆ ਹੈ ਕਿ ਕਸਬਾ ਵਾਸੀਆਂ ਆਪਣੇ ਛੋਟੇ ਛੋਟੇ ਕੰਮ ਕੰਮਾਂ ਲਈ ਸਰਕਾਰੀ ਦਫਤਰਾਂ ਦੇ ਚੱਕਰ ਕੱਟ ਕੇ ਖੱਜਲ ਖੁਆਰ ਹੁੰਦੇ ਹਨ। ਫਿਰ ਵੀ ਮੇਰੀ ਕੋਸ਼ਿਸ਼ ਰਹੀ ਹੈ ਕਿ ਜਿੰਨੇ ਲੋੜਵੰਦ ਪਰਿਵਾਰਾਂ ਦੇ ਕੰਮ ਹੋ ਸਕਣ ਉਨੇ ਹੀ ਥੋੜੇ ਹਨ। ਉਹਨਾਂ ਕਿਹਾ ਹੈ ਕਿ ਭਾਵੇਂ ਕਸਬੇ ਅੰਦਰ ਅਨੇਕਾਂ ਸਰਪੰਚ ਬਣੇ ਹਨ ਫਿਰ ਵੀ ਨਗਰ ਵਿੱਚ ਬੇਹੱਦ ਤਰੁੱਟੀਆਂ ਰਹੀਆਂ ਹਨ ਜਿਨਾਂ ਨੂੰ ਪੂਰਾ ਕਰਨਾ ਸਾਡਾ ਫਰਜ਼ ਹੈ। ਉਹਨਾਂ ਦੱਸਿਆ ਕਿ ਸਰਕਾਰੀ ਹਸਪਤਾਲ ਜਿੱਥੇ ਖਾਸ ਕਰ ਇਲਾਕੇ ਦੇ ਲੋੜਵੰਦ ਪਰਿਵਾਰ ਹੀ ਇੱਥੇ ਇਲਾਜ ਕਰਵਾਉਣ ਆਉਂਦੇ ਹਨ ਪ੍ਰੰਤੂ ਉਹਨਾਂ ਨੂੰ ਨਾ ਤਾਂ ਸਮੇਂ ਸਿਰ ਦਵਾਈਆਂ ਮਿਲਦੀਆਂ ਹਨ ਅਤੇ ਨਾ ਹੀ ਕਾਬਲ ਡਾਕਟਰ ਹਨ। ਜੇਕਰ ਵਾਹਿਗੁਰੂ ਅਤੇ ਰੱਬ ਵਰਗੇ ਵੋਟਰਾਂ ਨੇ ਉਹਨਾਂ ਦੇ ਸਿਰ ਤੇ ਹੱਥ ਰੱਖਿਆ ਤਾਂ ਉਹ ਸਰਕਾਰੀ ਹਸਪਤਾਲ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਅਧਾਰ ਤੇ ਹੱਲ ਕਰਵਾਉਣ, ਪਿੰਡ ਅੰਦਰ ਸੀਵਰੇਜ ਦਾ ਪੁਖਤਾ ਹੱਲ ਕਰਨਾ ਅਧੂਰੀਆਂ ਗਲੀਆਂ ਨਾਲੀਆਂ ਨੂੰ ਮੁਕੰਮਲ ਕਰਵਾਉਣ, ਸਰਕਾਰੀ ਸਕੂਲਾਂ ਦੀ ਦੇਖਣ ਨੂੰ ਸਵਾਰਨਾ, ਲੋੜਵੰਦ ਧੀਆਂ ਲਈ ਸਗਨ ਸਕੀਮ ਦਾ ਪ੍ਰਬੰਧ ਕਰਨਾ, ਨੌਜਵਾਨੀ ਨੂੰ ਨਸ਼ਿਆਂ ਚੋਂ ਕੱਢਣ ਲਈ ਵਿਸ਼ੇਸ਼ ਪ੍ਰੋਗਰਾਮ, ਕਸਬੇ ਅੰਦਰ ਕੂੜੇ ਡੰਪ ਦਾ ਖਾਸ ਪ੍ਰਬੰਧ ਕਰਨਾ ਤੋਂ ਇਲਾਵਾ ਸਰਕਾਰੀ ਸਹੂਲਤਾਂ ਨੂੰ ਲੋੜਵੰਦਾਂ ਦੇ ਬੂਹੇ ਤੱਕ ਲਿਜਾਣਾ ਉਹਨਾਂ ਦਾ ਮੁੱਖ ਮਕਸਦ ਹੋਵੇਗਾ। ਉਹਨਾਂ ਵੋਟਰਾਂ ਨੂੰ ਅਪੀਲ ਕੀਤੀ ਕਿ ਆਉਣ ਵਾਲੀ 15 ਤਰੀਕ ਨੂੰ ਆਪਣੀ ਇੱਕੋ ਇੱਕ ਕੀਮਤੀ ਵੋਟ ਰੋਡ ਰੋਲਰ ਦੇ ਚੋਣ ਨਿਸ਼ਾਨ ਤੇ ਲਾ ਕੇ ਉਹਨਾਂ ਨੂੰ ਇੱਕ ਵਾਰ ਕਸਬੇ ਸ਼ੇਰਪੁਰ ਦੀ ਨੁਹਾਰ ਬਦਲ ਦਾ ਮੌਕਾ ਦਿੱਤਾ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਵਿੰਦਰ ਸਿੰਘ ਮਿੰਟੂ ਬਲਜਿੰਦਰ ਸਿੰਘ ਫੌਜੀ, ਰਾਮਦਾਸ ਸਿੰਘ ਬਿੱਟੂ,ਬਲਜਿੰਦਰ ਸਿੰਘ, ਰਾਜਾ ਫੌਜੀ, ਪ੍ਰਧਾਨ ਹੰਸਾ ਸਿੰਘ, ਪ੍ਰਧਾਨ ਮਨਸਾ ਸਿੰਘ, ਸਰਦਾਰ ਅਜਮੇਰ ਸਿੰਘ, ਜਸਪਾਲ ਸਿੰਘ ਬੀਰੀ, ਡਾਕਟਰ ਸੁਖਦੇਵ ਸਿੰਘ,ਸੋਨੀ ਡਾਕਟਰ ਜਗਦੇਵ ਸਿੰਘ ਸੋਨੀ ਸਿੰਘ, ਬਿੱਟਾ ਖਾ, ਕਰਮਜੀਤ ਸਿੰਘ, ਨਰੰਗ ਸਿੰਘ, ਰਾਜਪਾਲ ਸਿੰਘ, ਕਾਕਾ ਬਿੰਦੂ, ਗੁਰਪ੍ਰੀਤ ਸਿੰਘ, ਜਤਿੰਦਰ ਸਿੰਘ, ਕਾਕਾ ਸਿੰਘ, ਬੱਬੂ ਸਿੰਘ ਆਦਿ ਵੋਟਰ ਹਾਜ਼ਰ ਸਨ।

ਰੋਜ਼ਾਨਾ ਲੋਕ ਬਾਣੀ www.lokbani

# ਮੈਂ ਸਰਪੰਚ ਨਹੀਂ ਸਗੋਂ ਸੇਵਾਦਾਰ ਬਣ ਕੇ ਕਰਾਂਗੀ ਨਗਰ ਦੇ ਕੰਮ: ਬੀਬੀ ਬਲਜੀਤ ਕੌਰ ਵਿਰਕ



ਸ਼ੇਰਪੁਰ (ਸੱਤਪਾਲ ਸਿੰਘ ਕਾਲਾਬੂਲਾ) ਪਿੰਡ ਕਾਤਰੋਂ ਦੀ ਜਨਰਲ ਸੀਟ ਤੋਂ ਸਖਤ ਟੱਕਰ ਦੇ ਰਹੇ ਪੜ੍ਹੇ ਲਿਖੇ ਸੁਲਝੇ ਹੋਏ ਅਤੇ ਕਿਸਾਨੀ ਅੰਦੋਲਨ ਵਿੱਚ ਮੋਹਰੀ ਭੂਮਿਕਾ ਨਿਭਾ ਚੁੱਕੇ ਸਰਬ ਸਾਂਝੇ ਉਮੀਦਵਾਰ ਬੀਬੀ ਬਲਜੀਤ ਕੌਰ ਵਿਰਕ ਨੇ ਆਪਣੀ ਚੋਣ ਮੁਹਿੰਮ ਨੂੰ ਤੇਜ਼ ਕਰ ਦਿੱਤਾ ਹੈ। ਅੱਜ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬੀਬੀ ਵਿਰਕ ਨੇ ਕਿਹਾ ਹੈ ਕਿ ਮੈਨੂੰ ਮੇਰੇ ਨਗਰ ਨਿਵਾਸੀਆਂ ਤੇ ਪੂਰਨ ਭਰੋਸਾ ਅਤੇ ਵਿਸ਼ਵਾਸ ਹੈ ਕਿ ਉਹ ਮੈਨੂੰ ਇੱਕ ਵਾਰ ਨਗਰ ਦੀ ਸੇਵਾ ਕਰਨ ਦਾ ਮੌਕਾ ਜ਼ਰੂਰ ਦੇਣਗੇ ਕਿਉਂਕਿ ਉਨਾਂ ਨੂੰ ਪਤਾ ਹੀ ਹੈ ਮੈਂ ਅਤੇ ਮੇਰੇ ਸਮੁੱਚੇ ਪਰਿਵਾਰ ਨੇ ਸ਼ੁਰੂ ਤੋਂ ਹੀ ਹਰ ਲੋੜਵੰਦ ਦੀ ਮਦਦ ਅਤੇ ਸਮੇਂ ਸਮੇਂ ਸਿਰ ਸਰਕਾਰਾਂ ਅਤੇ ਸਿਸਟਮ ਵੱਲੋਂ ਕੀਤੀ ਜਾਂਦੀਆਂ ਧੱਕੇਸ਼ਾਹੀਆਂ ਤਿੱਖੀ ਲੜਾਈ ਲੜੀ ਹੈ। ਉਹਨਾਂ ਕਿਹਾ ਹੈ ਕਿ ਮੇਰੇ ਕਿਸਾਨ ਭਰਾਵਾਂ ਭੈਣਾਂ ਮਾਤਾਵਾਂ ਨੌਜਵਾਨਾਂ ਮੇਰੀ ਚੋਣ ਮੁਹਿੰਮ ਨੂੰ ਉਹ ਖੁਦ ਆਪ ਚਲਾ ਰਹੇ ਹਨ। ਬੀਬੀ ਵਿਰਕ ਨੇ ਅੱਗੇ ਕਿਹਾ ਹੈ ਕਿ ਮੇਰੇ ਨਗਰ ਅੰਦਰ ਅਜੇ ਵੀ ਬਹੁਤ ਸਾਰੇ ਵਿਕਾਸ ਕਾਰਜ ਅਧੂਰੇ ਹਨ ਜਿਨਾਂ ਨੂੰ ਸਿਰੇ ਲਾਉਣ ਲਈ ਉਹ ਦਿਨ ਰਾਤ ਇੱਕ ਕਰ ਦੇਣਗੇ। ਅੱਜ ਵੀ ਸਮੇਂ ਸਮੇਂ ਸਿਰ ਆਉਂਦੀਆਂ ਸਰਕਾਰੀ ਸਕੀਮਾਂ ਸਾਡੇ ਸਮਾਜ ਦੇ ਲੋਕਾਂ ਦੇ ਬੂਹਾਂ ਤੱਕ ਨਹੀਂ ਪੁੱਜਦੀਆਂ। ਜੇਕਰ ਰੱਬ ਵਰਗੇ ਵੋਟਰਾਂ ਨੇ ਉਹਨਾਂ ਨੂੰ ਪਿੰਡ ਦੀ ਜਿੰਮੇਵਾਰੀ ਸੌਂਪੀ ਤਾਂ ਉਹ ਧੜੇਬੰਦੀ ਅਤੇ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਹਰ ਲੋੜਵੰਦ ਵਿਅਕਤੀ ਨੂੰ ਸਰਕਾਰ ਦੀ ਇੱਕ ਇੱਕ ਸਕੀਮ ਦਾ ਲਾਹਾ ਦਿੱਤਾ ਜਾਵੇਗਾ। ਅੰਤ ਵਿੱਚ ਉਹਨਾਂ ਕਿਹਾ ਕਿ ਤੁਸੀਂ ਮੇਰਾ ਸਾਥ ਦੇਵੋ ਮੈਂ ਪਿੰਡ ਦੀ ਕਾਇਆ ਕਲਪ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੂਗੀ।

# ਮਾਨਸਿਕ ਰੋਗਾਂ ਦਾ ਇਲਾਜ ਸਰਕਾਰੀ ਹਸਪਤਾਲਾਂ ਚ ਉਪਲੱਬਧ : ਡਾ. ਰਿਚਾ ਭਾਟੀਆ




ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਮਾਨਸਿਕ ਰੋਗ ਨਾ ਛੁਪਾਓ ਇਸ ਬਾਰੇ ਦੱਸੋ ਤੇ ਛੁਟਕਾਰਾ ਪਾਓ ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਿਵਲ ਸਰਜਨ ਕਪੂਰਥਲਾ ਡਾ. ਰਿਚਾ ਭਾਟੀਆ ਨੇ ਨਸ਼ਾ ਮੁਕਤ ਕੇਂਦਰ ਵਿਖੇ ਵਿਸ਼ਵ ਮਾਨਸਿਕ ਸਿਹਤ ਦਿਵਸ ਜਾਗਰੂਕਤਾ ਸੈਮੀਨਾਰ ਦੌਰਾਨ ਕੀਤਾ

ਸਿਵਲ ਸਰਜਨ ਡਾ. ਰਿਚਾ ਭਾਟੀਆ ਨੇ ਦੱਸਿਆ ਕਿ ਮਾਨਸਿਕ ਰੋਗ ਬਾਕੀ ਸਰੀਰਕ ਰੋਗਾਂ ਦੀ ਤਰ੍ਹਾਂ ਹੀ ਹੁੰਦੇ ਹਨ ਅਤੇ ਇਨ੍ਹਾਂ ਮਾਨਸਿਕ ਰੋਗਾਂ ਦਾ ਇਲਾਜ ਸਭੰਵ ਹੈ। ਉਨ੍ਹਾਂ ਬੱਚਿਆਂ ਵਿੱਚ ਮਾਨਸਿਕ ਸਿਹਤ ਦੀਆਂ ਸਮਸਿਆਵਾਂ, ਮਾਨਸਿਕ ਰੋਗ ਦੀਆਂ ਕਿਸਮਾਂ, ਬਿਮਾਰੀ ਦੇ ਕਾਰਨ, ਇਲਾਜ ਅਤੇ ਮਾਨਸਿਕ ਰੋਗਾਂ ਦੇ ਲੱਛਣਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਦੱਸਿਆ ਕਿ ਜੇਕਰ □ ਸੁਭਾਅ ਵਿੱਚ ਤਬਦੀਲੀ।

□ ਨੀਂਦ ਨਾ ਆਉਣਾ।

□ ਕੰਮ-ਕਾਰ ਜਾਂ ਕਾਰਗੁਜ਼ਾਰੀ ਵਿੱਚ ਫਰਕ ਆ ਜਾਣਾ।

□ ਆਪਣੇ ਆਪ ਨੂੰ ਜਾਂ ਆਸ-ਪਾਸ ਵਾਲਿਆਂ ਨੂੰ ਤੰਗੀ ਮਹਿਸੂਸ ਹੋਣਾ ਮਾਨਸਿਕ ਰੋਗ ਦੇ ਲਛੱਣ ਹੋ ਸਕਦੇ ਹਨ ਉਨ੍ਹਾਂ ਸਲਾਹ ਦਿੰਦੇ ਹੋਏ ਦੱਸਿਆ ਕਿ ਸਾਨੂੰ ਵਹਿਮਾਂ-ਭਰਮਾਂ ਤੋਂ ਬਚਣਾ ਚਾਹੀਦਾ ਹੈ,ਅਗਿਆਨਤਾ ਅਤੇ ਅੰਧ-ਵਿਸ਼ਵਾਸਾਂ ਤੋਂ ਬਾਹਰ ਨਿਕਲਕੇ ਵਿਗਿਆਨਕ ਸੋਚ ਨੂੰ ਅਪਣਾਉਣਾ ਚਾਹੀਦਾ ਹੈ ਅਤੇ ਇਸ ਦਾ ਇਲਾਜ ਮਾਹਿਰ ਡਾਕਟਰ ਤੋਂ ਹੀ ਕਰਵਾਉਣਾ ਚਾਹੀਦਾ ਹੈ ਉਨ੍ਹਾਂ ਕਿਹਾ ਕਿ ਜ਼ਿਲ੍ਹਾ ਸਰਕਾਰੀ ਹਸਪਤਾਲ ਵਿਚ ਮਾਨਸਿਕ ਰੋਗਾਂ ਦੇ ਇਲਾਜ ਦੀ ਸਹੂਲਤ ਰੋਗੀਆਂ ਨੂੰ ਮੁਫ਼ਤ ਪ੍ਰਦਾਨ ਕੀਤੀ ਜਾਂਦੀ ਹੈ। ਵਿਸ਼ਵ ਮੈਂਟਲ ਹੈਲਥ ਦਿਵਸ ਮੌਕੇ ਸੰਬੋਧਨ ਕਰਦਿਆਂ ਡੀ ਐਮ ਸੀ ਡਾ. ਸੰਦੀਪ ਭੋਲਾ ਨੇ ਦੱਸਿਆ ਕਿ ਸੂਬੇ ਦੇ ਹਰ ਜ਼ਿਲ੍ਹੇ ਵਿੱਚ ਮਾਨਸਿਕ ਰੋਗਾਂ ਦੇ ਮਾਹਿਰ ਉਪਲੱਬਧ ਹਨ ਸਾਨੂੰ ਉਨ੍ਹਾਂ ਤੋਂ ਹੀ ਮਾਨਸਿਕ ਰੋਗੀਆਂ ਦਾ ਇਲਾਜ ਕਰਵਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਹਸਪਤਾਲ ਵਿੱਚ ਮਾਨਸਿਕ ਰੋਗਾਂ ਦੀਆਂ ਦਵਾਈਆਂ ਉਪਲੱਬਧ ਹਨ , ਮਾਨਸਿਕ ਰੋਗੀ ਆਪਣਾ ਚੈਕ ਅੱਪ ਕਰਵਾਕੇ ਸਰਕਾਰੀ ਹਸਪਤਾਲ ਤੋਂ ਆਪਣਾ ਇਲਾਜ ਮੁਫ਼ਤ ਸ਼ੁਰੂ ਕਰਵਾ ਸਕਦੇ ਹਨ ਇਸ ਮੌਕੇ ਡੀਐਚਓ ਡਾ. ਰਾਜੀਵ ਪਰਾਸ਼ਰ, ਡੀਆਈਓ ਡਾ.ਰਣਦੀਪ ਸਿੰਘ,ਐਸਐਮਓ ਡਾ. ਇੰਦੂ ਬਾਲਾ, ਡਾ. ਰਾਕੇਸ਼ ਸ਼ਰਮਾ, ਸੁਪਰਡੈਂਟ ਰਾਮ ਅਵਤਾਰ,ਡਿਪਟੀ ਮਾਸ ਮੀਡੀਆ ਅਫ਼ਸਰ ਸ਼ਰਨਦੀਪ ਸਿੰਘ, ਸੁਖਦਿਆਲ ਸਿੰਘ,ਬੀਸੀਸੀ ਕੁਆਰਡੀਨੇਟਰ ਜੋਤੀ ਅਨੰਦ ਆਦਿ ਹਾਜ਼ਰ ਸਨ

# ਸ਼ੇਰਪੁਰ ਨੂੰ ਨਮੂਨੇ ਦਾ ਸ਼ਹਿਰ ਬਣਾਵਾਂਗੇ: ਰਾਜਵਿੰਦਰ ਸਿੰਘ

## ☛ ਸਰਪੰਚੀ ਦੇ ਉਮੀਦਵਾਰ ਰਾਜ ਨੇ ਮੰਗੀਆਂ ਦੁਕਾਨਦਾਰਾਂ ਤੋਂ ਵੋਟਾਂ




ਸ਼ੇਰਪੁਰ (ਸੱਤਪਾਲ ਸਿੰਘ ਕਾਲਾਬੂਲਾ) ਸ਼ੇਰਪੁਰ ਤੋਂ ਸਰਪੰਚੀ ਲਈ ਚੋਣ ਮੈਦਾਨ ਵਿੱਚ ਨਿਤਰੇ ਪੜ੍ਹੇ ਲਿਖੇ ਸੁਲਝੇ ਹੋਏ ਅਤੇ ਹਰ ਇੱਕ ਦੇ ਦੁੱਖ ਸੁੱਖ ਵਿੱਚ ਖੜਨ ਵਾਲੇ ਨੌਜਵਾਨ ਉਮੀਦਵਾਰ ਰਾਜਵਿੰਦਰ ਸਿੰਘ ਰਾਜ ਨੇ ਆਪਣੀ ਚੋਣ ਮੁਹਿੰਮ ਨੂੰ ਪੂਰੀ ਤਰ੍ਹਾਂ ਸਿਖਰਾਂ ਤੇ ਕਰ ਦਿੱਤਾ ਹੈ। ਉਨਾਂ ਅੱਜ ਸਵਖਤੇ ਹੀ ਆਪਣੇ ਸਮਰਥਕਾਂ ਦੇ ਨਾਲ ਦੁਕਾਨਦਾਰਾਂ ਪਾਸੋਂ ਵੋਟਾਂ ਮੰਗੀਆਂ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਜਵਿੰਦਰ ਸਿੰਘ ਸ਼ੇਰਪੁਰ ਨੇ ਕਿਹਾ ਹੈ ਕਿ ਉਹ ਕਸਬਾ ਸ਼ੇਰਪੁਰ ਅੰਦਰ ਸਾਰੀਆਂ ਅਧੂਰੀਆਂ ਤਰੁਟੀਆਂ ਨੂੰ ਪੂਰੀਆਂ ਕਰਕੇ ਇਸ ਨੂੰ ਨਮੂਨੇ ਦਾ ਸ਼ਹਿਰ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਣਗੇ। ਕਿਉਂਕਿ ਕਸਬੇ ਅੰਦਰ ਅਜੇ ਵੀ ਸਰਕਾਰੀ ਹਸਪਤਾਲ ਵਿੱਚ ਡਾਕਟਰਾਂ ਦੀ ਘਾਟ, ਪਿੰਡ ਅੰਦਰ ਸੀਵਰੇਜ ਦਾ ਪ੍ਰਬੰਧ ਕਰਨਾ, ਅਧੂਰੀਆਂ ਗਲੀਆਂ ਨਾਲੀਆਂ ਨੂੰ ਮੁਕੰਮਲ ਕਰਵਾਉਣਾ, ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣਾ, ਨੌਜਵਾਨੀ ਨੂੰ ਨਸ਼ਿਆਂ ਚੋਂ ਕੱਢਣ ਲਈ ਵਿਸ਼ੇਸ਼ ਪ੍ਰੋਗਰਾਮ ਮੁਹੱਈਆ ਕਰਵਾਉਣੇ, ਲੋੜਵੰਦ ਪਰਿਵਾਰਾਂ ਦੀਆਂ ਧੀਆਂ ਨੂੰ ਵਿਸ਼ੇਸ਼ ਸਗਨ ਸਕੀਮ, ਛੱਪੜਾਂ ਦਾ ਨਵੀਨੀਕਰਨ, ਕੂੜੇ ਡੰਪ ਦਾ ਵਿਸ਼ੇਸ਼ ਪ੍ਰਬੰਧ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਕਮੀਆਂ ਨੂੰ ਪੂਰਾ ਕਰਨ ਵਿੱਚ ਉਹ ਮੋਹਰੀ ਭੂਮਿਕਾ ਨਿਭਾਉਣਗੇ। ਉਹਨਾਂ ਕਿਹਾ ਹੈ ਕਿ ਉਨਾਂ ਦਾ ਸਮੁੱਚਾ ਪਰਿਵਾਰ ਪਹਿਲਾਂ ਤੋਂ ਹੀ ਸਮਾਜ ਸੇਵਾ ਦੀ ਭਾਵਨਾ ਰੱਖਦਾ ਹੈ ਅਤੇ ਉਹ ਖੁਦ ਪਿਛਲੇ ਲੰਮੇ ਸਮੇਂ ਤੋਂ ਲੋੜਵੰਦ ਪਰਿਵਾਰਾਂ ਦੇ ਵੱਖ ਵੱਖ ਮਸਲਿਆਂ ਨੂੰ ਹੱਲ ਕਰਵਾਉਣ ਆਉਂਦੇ ਆ ਰਹੇ ਹਨ। ਉਹਨਾਂ ਦੱਸਿਆ ਕਿ ਕਸ਼ਬੇ ਅੰਦਰ ਮੇਰੇ ਰੱਬ ਵਰਗੇ ਵੋਟਰਾਂ ਅਤੇ ਸਪੋਟਰਾਂ ਦਾ ਉਨਾਂ ਉੱਪਰ ਵਾਹਿਗੁਰੂ ਦੀ ਕਿਰਪਾ ਨਾਲ ਪੂਰਨ ਹੱਥ ਹੈ ਅਤੇ ਉਨਾਂ ਨੂੰ ਪੂਰਨ ਭਰੋਸਾ ਹੈ ਕਿ ਮੇਰੇ ਵੋਟਾਂ ਤੇ ਸਪੋਟਰਾਂ ਦੀ ਮਿਹਨਤ ਜ਼ਰੂਰ ਰੰਗ ਲਿਆਵੇਗੀ। ਅੰਤ ਵਿੱਚ ਉਹਨਾਂ ਕਿਹਾ ਹੈ ਕਿ ਸ਼ੇਰਪੁਰ ਦੀ ਡਿਵੈਲਪਮੈਂਟ ਲਈ ਗਰਾਂਟਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਰਾਜ ਨੇ ਸਮੁੱਚੇ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਉਣ ਵਾਲੀ 15 ਤਰੀਕ ਨੂੰ ਬਾਲਟੀ ਦੇ ਚੋਣ ਨਿਸ਼ਾਨ ਤੇ ਮੋਹਰਾਂ ਲਗਾ ਕੇ ਉਹਨਾਂ ਨੂੰ ਇੱਕ ਵਾਰ ਸੇਵਾ ਦਾ ਮੌਕਾ ਜ਼ਰੂਰ ਦੇਣ। ਇਸ ਉਪਰੰਤ ਉਨਾਂ ਨਾਲ ਉਨਾਂ ਦੇ ਸਮਰੱਥਕ ਵੀ ਹਾਜ਼ਰ ਸਨ।

# ਅੰਤਰਰਾਸ਼ਟਰੀ ਬਾਲੜੀ ਦਿਵਸ ਮੁਹਿੰਮ ਤਹਿਤ ਆਂਗਣਵਾੜੀ ਸੈਂਟਰ ਬੰਗਾ ਬਲਾਕ ਅਧੀਨ ਮਨਾਇਆ ਬੱਚੀਆਂ ਦਾ ਜਨਮ ਦਿਨ




ਸਹੀਦ ਭਗਤ ਸਿੰਘ ਨਗਰ (ਰਮੇਸ ਸਰਮਾ£ਮਨਪ੍ਰੀਤ ਵਾਸੂ)ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਅਤੇ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਵੱਲੋ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਬੇਟੀ ਬਚਾਓ ਬੇਟੀ ਪੜ੍ਹਾਓ ਮੁਹਿੰਮ ਤਹਿਤ ਜ਼ਿਲ੍ਹਾ ਪ੍ਰੋਗਰਾਮ ਦਫ਼ਤਰ ਵੱਲੋਂ ਮਿਤੀ 2 ਅਕਤੂਬਰ ਤੋਂ 11 ਅਕਤੂਬਰ ਤੱਕ ਅੰਤਰਰਾਸ਼ਟਰੀ ਬਾਲੜੀ ਦਿਵਸ ਮੁਹਿੰਮ ਚਲਾਈ ਜਾ ਰਹੀ ਹੈ ਜਿਸ ਦੇ ਤਹਿਤ ਬੰਗਾ ਬਲਾਕ ਦੇ ਕਜਲਾ ਰੋਡ ਦੇ ਵਾਰਡ ਨੰਬਰ 6 ਅਧੀਨ ਆਂਗਨਵਾੜੀ ਸੈਂਟਰ ਇਕ ਵਿਖੇ ਛੋਟੀਆਂ ਬੱਚੀਆਂ ਦਾ ਜਨਮ ਦਿਨ ਕ□ਕ ਕੱਟ ਕੇ ਮਨਾਇਆ ਗਿਆ ਅਤੇ ਬੱਚੀਆਂ ਦੀਆਂ ਮਾਤਾਵਾਂ ਨੂੰ ਬੇਟੀ ਬਚਾਓ ਬੇਟੀ ਪੜ੍ਹਾਓ ਸਕੀਮ ਸਬੰਧੀ ਜਾਣੂ ਕਰਵਾਇਆ ਗਿਆ। ਪ੍ਰੋਗਰਾਮ ਦੌਰਾਨ ਬਾਲ ਸੁਰੱਖਿਆ ਯੂਨਿਟ ਤੋਂ ਮੌਜੂਦ ਸੰਤੋਸ਼ ਡੀ ਓ ਵੱਲੋਂ ਬੱਚਿਆਂ ਨਾਲ ਸੰਬੰਧਤ ਪੋਕਸੋ ਐਕਟ ਅਤੇ ਸਪੋਂਸਰਸ਼ਿਪ ਅਤੇ ਫੋਸਟਰ ਕੇਅਰ ਸਕੀਮ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਬੱਚਿਆਂ ਨਾਲ ਜੁੜੀ ਹਰ ਤਰ੍ਹਾਂ ਦੀ ਸਮੱਸਿਆ ਲਈ ਚਾਈਲਡ ਲਾਈਨ ਨੰਬਰ 1098 ਤੇ ਜਾਣਕਾਰੀ ਦੇਣ ਦੀ ਅਪੀਲ ਕੀਤੀ ਗਈ ਅਤੇ ਬਾਲ ਭਿੱਖਿਆ, ਬਾਲ ਮਜ਼ਦੂਰੀ, ਬਾਲ ਵਿਆਹ ਨਾ ਕਰਵਾਉਣ ਸੰਬੰਧੀ ਅਪੀਲ ਕੀਤੀ। ਸੁਪ੍ਰਿਆ ਠਾਕੁਰ, ਕੋਆਰਡੀਨੇਟਰ ਵੋਮੈਨ ਹੱਬ ਵੱਲੋਂ ਲੜਕੀਆਂ ਲਈ ਸਰਕਾਰ ਵੱਲੋਂ ਦਿੱਤੀਆਂ ਸੁਵਿਧਾਵਾਂ ਬਾਰੇ ਦੱਸਿਆ ਗਿਆ ਅਤੇ ਹਿਮਸਿਖਾ, ਵਨ ਸਟਾਪ ਸੈਂਟਰ ਵੱਲੋਂ ਔਰਤਾਂ ਲਈ ਇਕ ਹੀ ਛੱਤ ਥੱਲੇ ਦਿੱਤੀਆਂ ਜਾ ਰਹੀਆਂ ਸਹੂਲਤਾਂ ਜਿਵੇ ਕਿ ਮੈਡੀਕਲ, ਪੁਲਿਸ ਸੁਵਿਧਾ, ਕਾਊਂਸਲਿੰਗ, ਖਾਣਾ ਆਦਿ ਬਾਰੇ ਦੱਸਿਆ ਗਿਆ। ਅੰਤ ਵਿਚ ਬੱਚਿਆ ਨੂੰ ਬੇਬੀ ਕਿੱਟਾਂ ਦਿੱਤੀਆਂ ਗਈਆ। ਪ੍ਰੋਗਰਾਮ ਦੌਰਾਨ ਸੰਬਧਤ ਬਲਾਕ ਦੇ ਦੇ ਸੁਪਰਵਾਈਜ਼ਰ ਹਰਕੰਵਲ ਕੌਰ ਅਤੇ ਕੁਲਵਿੰਦਰ ਕੌਰ ਦੇ ਨਾਲ-ਨਾਲ ਆਂਗਨਵਾੜੀ ਵਰਕਰਾਂ ਵੀ ਹਾਜ਼ਰ ਸਨ।

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ । ਸੂਚਨਾਂ, ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜੰਮੇਵਾਰੀ ਨਹੀ ਲੈਂਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ । ਕਿ ਉਹ ਇੰਨਾ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀਕਰ ਲੈਣ।ਰੋਜ਼ਾਨਾਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ । ਖਬਰਾਂ ਪ੍ਰਤੀ ਜਿੰਮੇਵਾਰੀ ਪੱਤਰਕਾਰ ਦੀ ਹੋਵੇਗੀ ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

# ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਸੰਤ ਬਾਬਾ ਸੇਵਾ ਸਿੰਘ ਮੈਮੋਰੀਅਲ ਸਰਕਾਰੀ ਗਰਲਜ਼ ਕਾਲਜ, ਗੁਰੂ ਕਾ ਖ਼ੂਹ, ਮੁੰਨੇ ਵਿਖੇ ਕਰਵਾਇਆ ਗਿਆ ਵਿਦਿਅਕ ਸੈਮੀਨਾਰ।





ਸ੍ਰੀ ਅਨੰਦਪੁਰ ਸਾਹਿਬ:(ਦਵਿੰਦਰਪਾਲ ਸਿੰਘ ) ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਰੂਪਨਗਰ-ਸ਼ਹੀਦ ਭਗਤ ਸਿੰਘ ਨਗਰ ਜ਼ੋਨ ਵੱਲੋਂ ਸੰਤ ਬਾਬਾ ਸੇਵਾ ਸਿੰਘ ਮੈਮੋਰੀਅਲ ਸਰਕਾਰੀ ਗਰਲਜ਼ ਕਾਲਜ, ਗੁਰੂ ਕਾ ਖ਼ੂਹ, ਮੁੰਨੇ, ਨੂਰਪੁਰ ਬੇਦੀ ਵਿਖੇ ਵਿਦਿਅਕ ਸੈਮੀਨਾਰ ਕਰਵਾਇਆ ਗਿਆ। ਸਮਾਗਮ ਦੀ ਅਰੰਭਤਾ ਮੌਕੇ ਵਾਈਸ ਪ੍ਰਿੰਸੀਪਲ ਡਾ.ਪੁਸ਼ਪਾ ਦੇਵੀ ਨੇ ਸਟੱਡੀ ਸਰਕਲ ਦੇ ਨੁਮਾਇੰਦਿਆਂ ਨੂੰ ਜੀ ਆਇਆਂ ਆਖਿਆ ਅਤੇ ਬੱਚਿਆਂ ਨੂੰ ਸੈਮੀਨਾਰ ਦੌਰਾਨ ਇਕਾਗਰਤਾ ਅਤੇ ਅਨੁਸ਼ਾਸਨ ਬਣਾਏ ਰੱਖਣ ਲਈ ਪ੍ਰੇਰਿਤ ਕੀਤਾ। ਚੀਫ਼ ਸਕੱਤਰ ਸ: ਹਰਮੋਹਿੰਦਰ ਸਿੰਘ ਨੰਗਲ ਨੇ ਵਿਦਿਆਰਥੀਆਂ ਨਾਲ ਗੱਲਬਾਤ ਕਰਦਿਆਂ ਜਿੱਥੇ ਜਥੇਬੰਦੀ ਦੇ ਇਤਿਹਾਸ, ਕੀਤੇ ਜਾ ਰਹੇ ਕਾਰਜਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਉਥੇ ਨਾਲ ਹੀ ਨੈਤਿਕ ਕਦਰਾਂ ਕੀਮਤਾਂ ਬਾਰੇ ਗੱਲਬਾਤ ਕੀਤੀ।ਇਸ ਮੌਕੇ ਜ਼ੋਨਲ ਪ੍ਰਧਾਨ ਮਨਦੀਪ ਸਿੰਘ, ਪ੍ਰੋ ਅਮਨਦੀਪ ਕੌਰ ਆਦਿ ਵੀ ਹਾਜ਼ਰ ਸਨ।

# ਦੇਹਦਾਨ ਮਨੁੱਖਤਾ ਦੀ ਭਲਾਈ ਲਈ ਇਕ ਨੇਕ ਕਾਰਜ : ਸਿਵਲ ਸਰਜਨ ਡਾ ਜਸਪ੍ਰੀਤ ਕੌਰ

ਸਹੀਦ ਭਗਤ ਸਿੰਘ ਨਗਰ (ਰਮੇਸ ਸਰਮਾ£ਮਨਪ੍ਰੀਤ ਵਾਸੂ)ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਨੇ ਬੁੱਧਵਾਰ ਨੂੰ ਸਵੈ ਇਛੁੱਕ ਦੇਹਦਾਨੀ ਮਾਲੇਵਾਲ ਨਿਵਾਸੀ ਜੋਗਿੰਦਰਪਾਲ ਸਿੰਘ ਨੂੰ ਮਰਨ ਉਪਰੰਤ ਦੇਹਦਾਨ ਕਰਨ ਸਬੰਧੀ 'ਦੇਹਦਾਨ ਕਾਰਡ' ਸੌਂਪਿਆ ਹੈ।ਇਸ ਮੌਕੇ ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਨੇ ਦੋਆਬਾ ਸੇਵਾ ਸਮਿੱਤੀ, ਨਵਾਂਸ਼ਹਿਰ ਦੇ ਜਨਰਲ ਸੱਕਤਰ ਰਤਨ ਕੁਮਾਰ ਜੈਨ, ਸਲਾਹਕਾਰ ਸ੍ਰੀ ਅਸ਼ੋਕ ਸ਼ਰਮਾ (ਸੇਵਾਮੁਕਤ ਬੈਂਕ ਮੈਨੇਜਰ), ਮੈਂਬਰ ਹਰਵਿੰਦਰ ਸਿੰਘ ਹਫਜਾਬਾਦੀ ਸਮੇਤ ਹੋਰਨਾਂ ਅਹੁਦੇਦਾਰਾਂ ਅਤੇ ਮੈਂਬਰਾਂ ਦਾ ਇਸ ਸੇਵਾ ਵਿਚ ਵੱਡਮੁੱਲਾ ਸਹਿਯੋਗ ਕਰਨ ਲਈ ਤਹਿ ਦਿਲੋਂ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਸਵੈ ਇਛੁੱਕ ਦੇਹਦਾਨੀ ਮਾਲੇਵਾਲ ਨਿਵਾਸੀ ਜੋਗਿੰਦਰਪਾਲ ਸਿੰਘ ਪੁੱਤਰ ਸ਼ਰਧਾ ਰਾਮ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਦੇਹਦਾਨ ਮਾਨਵਤਾ ਦੀ ਭਲਾਈ ਲਈ ਇਕ ਨੇਕ ਕਾਰਜ ਹੈ। ਅੱਜ ਦੇ ਵਿਗਿਆਨਕ ਯੁੱਗ ਵਿੱਚ ਮ੍ਰਿਤਕ ਦੇਹ ਦੇ ਵੱਖ-ਵੱਖ ਅੰਗ ਲੋੜਵੰਦ ਮਰੀਜ਼ਾਂ ਦੇ ਕੰਮ ਆ ਸਕਦੇ ਹਨ ਅਤੇ ਮੈਡੀਕਲ ਖੋਜ ਲਈ ਮ੍ਰਿਤਕ ਦੇਹਾਂ ਦਾ ਮਨੁੱਖਤਾਂ ਦੀ ਭਲਾਈ ਵਿਚ ਬਹੁਮੁੱਲਾ ਯੋਗਦਾਨ ਹੈ। ਐੱਮ.ਬੀ.ਬੀ.ਐੱਸ. ਦੀ ਪੜ੍ਹਾਈ ਕਰ ਰਹੇ ਵਿਦਿਆਰਥੀਆਂ ਨੂੰ ਖੋਜ ਕਾਰਜਾਂ ਲਈ ਮ੍ਰਿਤਕ ਦੇਹ ਦੀ ਜ਼ਰੂਰਤ ਹੁੰਦੀ ਹੈ। ਦੇਹ ਦੀ ਉਪਲੱਬਧਤਾ ਨਾਲ ਉਨ੍ਹਾਂ ਨੂੰ ਦੇਹ ਦੇ ਅੰਗਾਂ ਬਾਰੇ ਬਰੀਕੀ ਨਾਲ ਸਮਝਾਇਆ ਜਾਂਦਾ ਹੈ। ਇਸ ਨੇਕ ਕਾਰਜ ਵਿਚ ਯੋਗਦਾਨ ਪਾਉਣ ਲਈ ਜੇਕਰ ਕਿਸੇ ਨੇ ਦੇਹਦਾਨ ਕਰਨੀ ਹੁੰਦੀ ਹੈ ਤਾਂ ਉਸ ਲਈ ਦੇਹਦਾਨ ਫਾਰਮ ਭਰਨਾ ਹੁੰਦਾ ਹੈ। ਫਾਰਮ ਭਰਨ ਮਗਰੋਂ ਉਸ ਵਿਅਕਤੀ ਨੂੰ ਆਪਣੇ ਘਰ ਵਾਲਿਆਂ ਨੂੰ ਦੱਸਣਾ ਹੁੰਦਾ ਹੈ ਕਿ ਮੌਤ ਮਗਰੋਂ ਉਸ ਦਾ ਸਰੀਰ ਦਾਨ ਕਰ ਦਿੱਤਾ ਜਾਵੇ। ਜੇ ਕੋਈ ਬੱਚੇ ਦੀ ਦੇਹਦਾਨ ਕਰਨਾ ਚਾਹੁੰਦਾ ਹੈ ਤਾਂ ਉਸ ਮਾਮਲੇ ਵਿਚ ਉਸ ਬੱਚੇ ਦੇ ਮਾਤਾ-ਪਿਤਾ ਨੂੰ ਉਸ ਫਾਰਮ 'ਤੇ ਆਪਣੇ ਦਸਤਖ਼ਤ ਕਰਨੇ ਹੁੰਦੇ ਹਨ। ਉਨ੍ਹਾਂ ਨਾਲ ਹੀ ਜ਼ਿਲ੍ਹੇ ਦੇ ਹੋਰਨਾਂ ਲੋਕਾਂ ਨੂੰ ਵੀ ਅਪੀਲ ਹੈ ਕਿ ਉਹ ਇਸ ਨੇਕ ਕਾਰਜ ਲਈ ਅੱਗੇ ਆਉਣ ਅਤੇ ਮਰਨ ਉਪਰੰਤ ਸੇਵਾ ਕਰਨ ਲਈ ਸਰੀਰ ਦਾਨ ਕਰਨ ਦਾ ਪ੍ਰਣ ਲੈਣ। ਇਸ ਮੌਕੇ ਦੋਆਬਾ ਸੇਵਾ ਸਮਿੱਤੀ ਦੇ ਜਨਰਲ ਸੱਕਤਰ ਰਤਨ ਕੁਮਾਰ ਜੈਨ ਨੇ ਦੱਸਿਆ ਕਿ ਉਨ੍ਹਾਂ ਦੀ ਸੰਸਥਾ ਨੇ 131ਵੇਂ ਵਿਅਕਤੀ ਨੂੰ ਮਰਨ ਉਪਰੰਤ ਦੇਹਦਾਨ ਕਰਨ ਲਈ ਪ੍ਰੇਰਿਤ ਕੀਤਾ ਹੈ। ਉਨ੍ਹਾਂ ਕਿਹਾ ਕਿ ਸਾਡੀ ਸੰਸਥਾ ਵੱਲੋਂ ਉਨ੍ਹਾਂ ਲੋਕਾਂ ਦੇ ਫਾਰਮ ਭਰੇ ਜਾਂਦੇ ਹਨ, ਜਿਹੜੇ ਲੋਕ ਆਪਣੀ ਮਰਜ਼ੀ ਨਾਲ ਮਰਨ ਉਪਰੰਤ ਦੇਹਦਾਨ ਕਰਨਾ ਚਾਹੁੰਦੇ ਹਨ। ਜੇਕਰ ਕੋਈ ਆਪਣੀ ਦੇਹਦਾਨ ਕਰਨਾ ਚਾਹੁੰਦਾ ਹੈ ਤਾਂ ਉਹ ਉਨ੍ਹਾਂ ਦੀ ਸੰਸਥਾ ਨਾਲ ਸੰਪਰਕ ਕਰ ਸਕਦਾ ਹੈ। ਇਹ ਫਾਰਮ ਸਰਕਾਰੀ ਮੈਡੀਕਲ ਕਾਲਜ, ਜਲੰਧਰ ਜਾਂ ਅੰਮ੍ਰਿਤਸਰ ਭੇਜ ਦਿੱਤੇ ਜਾਂਦੇ ਹਨ, ਜਿੱਥੋਂ ਉਨ੍ਹਾਂ ਦੇ ਸ਼ਨਾਖਤੀ-ਕਾਰਡ ਬਣ ਕੇ



ਆਉਂਦੇ ਹਨ। ਇਸ ਮੌਕੇ ਦੇਹਦਾਨੀ ਜੋਗਿੰਦਰਪਾਲ ਸਿੰਘ ਨੇ ਕਿਹਾ ਕਿ ਮੈਂ ਆਪਣੀ ਪਤਨੀ ਸੰਤੋਸ਼ ਕੁਮਾਰੀ, ਬੇਟੇ ਬਲਬੀਰ ਸਿੰਘ, ਰੂਪ ਚੰਦ, ਬੇਟੀ ਬਲਵਿੰਦਰ ਕੌਰ ਦੀ ਸਹਿਮਤੀ ਨਾਲ ਆਪਣੀ ਦੇਹਦਾਨ ਕਰਨ ਦਾ ਫੈਸਲਾ ਲਿਆ ਹੈ। ਉਨ੍ਹਾਂ ਕਿਹਾ ਕਿ ਮਰਨ ਤੋਂ ਬਾਅਦ ਵੈਸੇ ਵੀ ਇਹ ਸਰੀਰ ਮਿੱਟੀ ਹੋ ਜਾਣਾ ਹੈ। ਜੇਕਰ ਕੋਈ ਵਿਦਿਆਰਥੀ ਉਨ੍ਹਾਂ ਦੇ ਸਰੀਰ ਤੋਂ ਵਿਦਿਆ ਪ੍ਰਾਪਤ ਕਰਕੇ ਡਾਕਟਰ ਬਣ ਕੇ ਹੋਰਨਾਂ ਜ਼ਿੰਦਗੀਆਂ ਨੂੰ ਬਚਾ ਲੈਂਦਾ ਹੈ ਤਾਂ ਉਸ ਦਾ ਜਨਮ ਤੇ ਮਰਨ ਦੋਵੇਂ ਸਫਲ ਹੋਣਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਸਿਹਤ ਅਫ਼ਸਰ ਡਾ ਰੇਣੂ ਮਿੱਤਲ, ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ ਮਨਦੀਪ ਕਮਲ, ਜ਼ਿਲ੍ਹਾ ਸਮੂਹ ਸਿੱਖਿਆ ਅਤੇ ਸੂਚਨਾ ਅਫ਼ਸਰ ਦਲਜੀਤ ਸਿੰਘ, ਪੀਏ ਅਜੇ ਕੁਮਾਰ,ਬਲਾਕ ਐਕਸਟੈਂਸ਼ਨ ਐਜੂਕੇਟਰ ਵਿਕਾਸ ਵਿਰਦੀ ਮੌਜੂਦ ਸਨ।

# ਪਿੰਡ ਕਾਤਰੋਂ ਤੋਂ ਸਰਪੰਚੀ ਦੀ ਉਮੀਦਵਾਰ ਬੀਬੀ ਵਿਰਕ ਨੂੰ ਵਾਰਡ ਵਾਸੀਆਂ ਨੇ ਦਿੱਤਾ ਭਰਮਾ ਸਮਰੱਥਨ



ਸ਼ੇਰਪੁਰ (ਸੱਤਪਾਲ ਸਿੰਘ ਕਾਲਾਬੂਲਾ) ਪਿੰਡ ਕਾਤਰੋਂ ਤੋਂ ਸਰਪੰਚੀ ਦੀ ਚੋਣ ਲੜ ਰਹੇ ਪੜ੍ਹੇ ਲਿਖੇ ਸੁਲਝੇ ਹੋਏ ਅਤੇ ਕਿਸਾਨ ਮਜ਼ਦੂਰ ਸੰਘਰਸ਼ ਅੰਦੋਲਨ ਵਿੱਚ ਸਰਗਮੀ ਨਾਲ ਕੰਮ ਕਰਨ ਵਾਲੇ ਪੜੇ ਲਿਖੇ ਅਤੇ ਸਰਬ ਸਾਂਝੇ ਉਮੀਦਵਾਰ ਬੀਬੀ ਬਲਜੀਤ ਕੌਰ ਵਿਰਕ ਨੇ ਆਪਣੀ ਚੋਣ ਮੁਹਿੰਮ ਨੂੰ ਤੇਜ਼ ਕਰ ਦਿੱਤਾ ਹੈ। ਉਹਨਾਂ ਕਿਹਾ ਕਿ ਸਾਡੇ ਰਹਿਬਰ ਅਤੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਨੇ ਸਾਨੂੰ ਵੋਟ ਦਾ ਅਧਿਕਾਰ ਦੇ ਕੇ ਆਪਣੀ ਮਰਜ਼ੀ ਦਾ ਉਮੀਦਵਾਰ ਚੁਣਨ ਦਾ ਇਹ ਵੱਡਾ ਹਥਿਆਰ ਦਿੱਤਾ ਹੈ। ਜਿਸ ਨਾਲ ਅਸੀਂ ਆਪਣਾ ਮਨ ਪਸੀਦਾ ਉਮੀਦਵਾਰ ਚੁਣ ਸਕਦੇ ਹਾਂ। ਬੀਬੀ ਵਿਰਕ ਨੇ ਅੱਗੇ ਕਿਹਾ ਹੈ ਕਿ ਉਨਾਂ ਵੱਲੋਂ ਲੰਘੇ ਸਮੇਂ ਦੌਰਾਨ ਕੇਂਦਰ ਸਰਕਾਰ ਵੱਲੋਂ ਲੋਕਾਂ ਤੇ ਥੋਪੇ ਕਾਲੇ ਕਾਨੂੰਨਾਂ ਵਿਰੁੱਧ ਕਿਸਾਨ ਜਥੇਬੰਦੀਆਂ ਦੇ ਨਾਲ ਮਿਲ ਕੇ ਤਿੱਖੀ ਲੜਾਈ ਲੜ ਚੁੱਕੇ ਹਨ। ਉਨਾਂ ਦੱਸਿਆ ਕਿ ਜੇਕਰ ਵੋਟਰਾਂ ਨੇ ਉਹਨਾਂ ਦਾ ਇਸੇ ਤਰ੍ਹਾਂ ਸਾਥ ਦਿੱਤਾ ਤਾਂ ਉਹ ਪਿੰਡ ਦੀ ਭਲਾਈ ਲਈ ਦਿਨ ਰਾਤ ਕੰਮ ਕਰਨਗੇ। ਕਿਉਂਕਿ ਨਗਰ ਵਿੱਚ ਅਜੇ ਵੀ ਬਹੁਤ ਸਾਰੇ ਕਾਰਜ ਅਧੂਰੇ ਹਨ। ਉਨਾਂ ਦੱਸਿਆ ਕਿ ਅੱਜ ਦੇ ਆਪ ਮੁਹਾਰੇ ਇਕੱਠ ਨੇ ਉਹਨਾਂ ਦੇ ਹੌਸਲਿਆਂ ਨੂੰ ਹੋਰ ਵੀ ਬੁਲੰਦ ਕਰ ਦਿੱਤਾ ਹੈ ਕਿਉਂਕਿ ਵਾਰਡ ਵਾਸੀ ਨੌਜਵਾਨ ਬਜ਼ੁਰਗ ਮਾਤਾਵਾਂ ਉਹਨਾਂ ਨੂੰ ਜਿਤਾਉਣ ਵਿੱਚ ਪੱਬਾਂ ਭਰ ਹੋ ਚੁੱਕੀਆਂ ਹਨ। ਅੰਤ ਵਿੱਚ ਉਹਨਾਂ ਕਿਹਾ ਕਿ ਜੇਕਰ ਗੁਰੂ ਮਹਾਰਾਜ ਅਤੇ ਰੱਬ ਵਰਗੇ ਵੋਟਰਾਂ ਦਾ ਉਹਨਾਂ ਦੇ ਸਿਰ ਤੇ ਹੱਥ ਰਿਹਾ ਤਾਂ ਉਹ ਜਿੱਤ ਤੋਂ ਬਾਅਦ ਪਿੰਡ ਦੀ ਕਾਇਆਕਲਪ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਣਗੇ। ਇਸ ਮੌਕੇ ਉਹਨਾਂ ਨਾਲ ਵੱਡੀ ਗਿਣਤੀ ਵਿੱਚ ਉਹਨਾਂ ਦੇ ਵੋਟਰ ਅਤੇ ਸਪੋਟਰ ਹਾਜ਼ਰ ਸਨ।

# ਪਟਾਕੇ ਵੇਚਣ ਦੇ ਆਰਜ਼ੀ ਲਾਇਸੰਸ ਲਈ 16 ਅਕਤੂਬਰ ਤੱਕ ਸੇਵਾ ਕੇਂਦਰਾਂ 'ਚ ਜਮ੍ਹਾ ਕਰਵਾਈਆਂ ਜਾਣ ਦਰਖ਼ਾਸਤਾਂ : ਰਾਜੇਸ਼ ਧੀਮਾਨ

ਸਹੀਦ ਭਗਤ ਸਿੰਘ ਨਗਰ (ਰਮੇਸ ਸਰਮਾ£ਮਨਪ੍ਰੀਤ ਵਾਸੂ)ਦੀਵਾਲੀ ਦੇ ਮੌਕੇ 'ਤੇ ਪਟਾਕੇ ਵੇਚਣ ਲਈ ਆਰਜ਼ੀ ਲਾਇਸੰਸ ਲੈਣ ਦੇ ਚਾਹਵਾਨ 11 ਅਕਤੂਬਰ ਤੋਂ 16 ਅਕਤੂਬਰ 2024 ਸ਼ਾਮ 5 ਵਜੇ ਤੱਕ ਦਫ਼ਤਰੀ ਕੰਮ ਦੇ ਸਮੇਂ ਦੌਰਾਨ ਸਬ-ਡਵੀਜ਼ਨ ਵਾਈਜ਼ ਆਪਣੀਆਂ ਦਰਖ਼ਾਸਤਾਂ ਨੇੜੇ ਦੇ ਸੇਵਾ ਕੇਂਦਰ ਵਿਖੇ ਰਿਹਾਇਸ਼ ਦੇ ਸਬੂਤ, ਜਨਮ ਮਿਤੀ ਦੇ ਸਬੂਤ ਅਤੇ 2-2 ਵਾਧੂ ਫੋਟੋਆਂ ਸਮੇਤ ਦੇ ਸਕਦੇ ਹਨ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਨੇ ਦੱਸਿਆ ਕਿ ਨਿਸ਼ਚਿਤ ਕੀਤੇ ਗਏ ਸਮੇਂ ਦੌਰਾਨ ਪ੍ਰਾਪਤ ਹੋਈਆਂ ਦਰਖ਼ਾਸਤਾਂ ਨੂੰ ਹੀ ਵਿਚਾਰਿਆ ਜਾਵੇਗਾ ਅਤੇ ਇਸ ਸਬੰਧੀ ਮਿਤੀ 21 ਅਕਤੂਬਰ 2024 ਨੂੰ ਡਿਪਟੀ ਕਮਿਸ਼ਨਰ ਦਫ਼ਤਰ, ਸ਼ਹੀਦ ਭਗਤ ਸਿੰਘ ਨਗਰ ਵਿਖੇ ਲਾਟਰੀ ਸਿਸਟਮ ਰਾਹੀਂ ਪਟਾਕੇ ਵੇਚਣ ਸਬੰਧੀ ਆਰਜ਼ੀ ਲਾਇਸੰਸ ਜਾਰੀ ਕਰਨ ਲਈ ਡਰਾਅ ਕੱਢਿਆ ਜਾਵੇਗਾ। ਉਨ੍ਹਾਂ ਕਿਹਾ ਕਿ ਜਿਨ੍ਹਾਂ ਵਿਅਕਤੀਆਂ ਨੂੰ ਆਰਜ਼ੀ ਲਾਇਸੰਸ ਜਾਰੀ ਕੀਤਾ ਜਾਵੇਗਾ, ਸਿਰਫ ਉਹ ਵਿਅਕਤੀ ਹੀ ਪਟਾਕੇ ਵੇਚਣ ਲਈ ਅਧਿਕਾਰਤ ਹੋਣਗੇ। ਉਨ੍ਹਾਂ ਕਿਹਾ ਕਿ ਆਮ ਪਬਲਿਕ ਵੀ ਅਧਿਕਾਰਤ ਵਿਅਕਤੀਆਂ ਪਾਸੋਂ ਨਿਰਧਾਰਤ ਕੀਤੇ ਗਏ ਸਥਾਨਾਂ 'ਤੇ ਹੀ ਪਟਾਕੇ ਖਰੀਦੇ ਅਤੇ ਅਣ-ਅਧਿਕਾਰਤ ਤੌਰ 'ਤੇ ਪਟਾਕੇ ਵੇਚਣ ਵਾਲਿਆਂ ਖਿਲਾਫ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਉਨ੍ਹਾਂ ਸਪੱਸ਼ਟ ਕੀਤਾ ਕਿ ਇਕ ਵਿਅਕਤੀ ਇਕ ਦਰਖ਼ਾਸਤ ਪੇਸ਼ ਕਰ ਸਕਦਾ ਹੈ ਅਤੇ ਇਕ ਤੋਂ ਵੱਧ ਦਰਖ਼ਾਸਤ ਮੰਨਣਯੋਗ ਨਹੀਂ ਹੋਵੇਗੀ।



# ਕਾਨਪੁਰ ਚ ਰੈਡੀਮੇਡ ਰਾਵਣ ਦੀ ਮੰਗ ਵਧੀ, ਗੁਆਂਢੀ ਜ਼ਿਲਿਆਂ ਤੋਂ ਵੀ ਲੋਕ ਇਸ ਨੂੰ ਖਰੀਦਣ ਲਈ ਆਉਂਦੇ ਹਨ

ਕਾਨਪੁਰ (ਸੁਨੀਲ ਬਾਜਪਾਈ) ਹੁਣ ਸਿਰਫ਼ ਮੇਲਿਆਂ ਵਿੱਚ ਹੀ ਨਹੀਂ, ਹਰ ਗਲੀ ਵਿੱਚ ਰਾਵਣ ਨੂੰ ਸਾੜਿਆ ਜਾ ਰਿਹਾ ਹੈ।

ਲੋਕਾਂ ਦੀ ਇਹ ਇੱਛਾ ਪੂਰੀ ਹੋ ਰਹੀ ਹੈ - ਰੈਡੀਮੇਡ ਰਾਵਣ। ਜਦਕਿ ਇਸ ਤੋਂ ਪਹਿਲਾਂ ਰਾਮਲੀਲਾ ਮੌਕੇ ਹੀ ਰਾਵਣ ਦਾ ਪੁਤਲਾ ਫੂਕਿਆ ਗਿਆ ਸੀ।

ਇਸ ਵਾਰ ਇੱਥੇ ਰੈਡੀਮੇਡ ਰਾਵਣ ਪੂਰੇ ਜ਼ੋਰਾਂ 'ਤੇ ਵਿਕ ਰਿਹਾ ਹੈ। ਇਸ ਦੇ ਸਸਤੇ ਅਤੇ ਆਕਰਸ਼ਕ ਹੋਣ ਕਾਰਨ ਨੇੜਲੇ ਜ਼ਿਲ੍ਹਿਆਂ ਦੇ ਲੋਕ ਵੀ ਮਹਾਂਨਗਰ ਤੋਂ ਰਾਵਣ ਦੇ ਪੁਤਲੇ ਖਰੀਦਦੇ ਹਨ।

ਗੁਆਂਢੀ ਜ਼ਿਲ੍ਹੇ ਫ਼ਰੂਖਾਬਾਦ ਦੇ ਮੋਹਨ ਲਾਲ ਦਾ ਕਹਿਣਾ ਹੈ ਕਿ ਉਹ ਹਰ ਸਾਲ ਕਾਨਪੁਰ ਤੋਂ ਰਾਵਣ ਦੇ ਪੁਤਲੇ ਖਰੀਦਦੇ ਹਨ ਕਿਉਂਕਿ ਇੱਥੇ ਰਾਵਣ ਦੇ ਪੁਤਲੇ 500 ਤੋਂ 5000 ਰੁਪਏ ਤੱਕ ਵੱਖ-ਵੱਖ ਕਿਸਮਾਂ ਦੇ ਆਸਾਨੀ ਨਾਲ ਮਿਲ ਜਾਂਦੇ ਹਨ।

ਕਈ ਸਾਲਾਂ ਤੋਂ ਇੱਥੇ ਰਾਵਣ ਦੇ ਪੁਤਲੇ ਬਣਾ ਕੇ ਵੇਚ ਰਹੇ ਕਮਲਕਾਂਤ ਦਾ ਕਹਿਣਾ ਹੈ ਕਿ ਲੋਕ ਉਸ ਕੋਲ ਹਮੀਰਪੁਰ, ਓਰਾਈ, ਰਾਮਾਬਾਈ ਨਗਰ ਅਤੇ ਆਸ-ਪਾਸ ਦੇ ਕਸਬਿਆਂ ਤੋਂ ਤਿਆਰ ਰਾਵਣ ਖਰੀਦਣ ਲਈ ਆਉਂਦੇ ਹਨ। ਇੱਥੇ ਪਿਛਲੇ ਕੁਝ ਸਾਲਾਂ ਤੋਂ ਬੱਚਿਆਂ ਵਿੱਚ ਵੀ ਇਨ੍ਹਾਂ ਤਿਆਰ ਰਾਵਣਾਂ ਦੀ ਮੰਗ ਕਾਫੀ ਵਧ ਗਈ ਹੈ। ਇੱਥੇ ਜੀ.ਟੀ.ਰੋਡ ਤੇ ਵਿਕਰੀ ਲਈ ਰਾਵਣ ਦਾ ਮੇਲਾ ਲੱਗਦਾ ਹੈ। ਜਿੱਥੇ ਬੱਚਿਆਂ ਲਈ ਤਿਆਰ ਰਾਵਣ ਖਰੀਦਣ ਵਾਲਿਆਂ ਦੀ ਗਿਣਤੀ ਵੀ ਸੈਂਕੜਿਆਂ ਵਿੱਚ ਹੈ।



# ਨੌਜਵਾਨਾਂ ਨੇ ਭਖਾਈ ਡਾਕਟਰ ਜਗਜੀਵਨ ਸਿੰਘ ਦੀ ਚੋਣ ਮੁਹਿੰਮ

## ਸ਼ੇਰਪੁਰ ਦਾ ਵਿਕਾਸ ਕਰਨਾ ਮੇਰਾ ਮੁੱਖ ਮਕਸਦ ਹੋਵੇਗਾ



ਸ਼ੇਰਪੁਰ (ਸੱਤਪਾਲ ਸਿੰਘ ਕਾਲਾਬੂਲਾ) ਜਿਉਂ ਜਿਉਂ ਚੋਣਾਂ ਦਾ ਸਮਾਂ ਨੇੜੇ ਆ ਰਿਹਾ ਹੈ ਤਿਉਂ ਤਿਉਂ ਸਰਪੰਚੀ ਲਈ ਮੈਦਾਨ ਵਿੱਚ ਕੁੱਦੇ ਉਮੀਦਵਾਰਾਂ ਨੇ ਵੀ ਆਪਣੀਆਂ ਚੋਣ ਸਰਗਰਮੀਆਂ ਨੂੰ ਤੇਜ਼ ਕੀਤਾ ਹੋਇਆ ਹੈ। ਇਸ ਲੜੀ ਤਹਿਤ ਸ਼ੇਰਪੁਰ ਦੀ ਜਨਰਲ ਸੀਟ ਤੋਂ ਚੋਣ ਮੈਦਾਨ ਵਿੱਚ ਨਿਤਰੇ ਪੜ੍ਹੇ ਲਿਖੇ ਲੋੜਵੰਦਾਂ ਅਤੇ ਕਿਸਾਨਾਂ, ਦੁਕਾਨਦਾਰਾਂ ਨਾਲ ਡੱਟ ਕੇ ਸਟੈਂਡ ਲੈਣ ਵਾਲੇ ਸਾਬਕਾ ਡੀਐਚਓ ਡਾਕਟਰ ਜਗਜੀਵਨ ਸਿੰਘ ਸ਼ੇਰਪੁਰ ਦੀ ਚੋਣ ਮੁਹਿੰਮ ਨੂੰ ਨੌਜਵਾਨਾਂ ਅਤੇ ਮਤਾਵਾ ਭੈਣਾਂ ਨੇ ਪੂਰੀ ਤਰ੍ਹਾਂ ਭਖਾ ਦਿੱਤਾ ਹੈ। ਅੱਜ ਕਸਬੇ ਦੇ ਵੱਖ ਵੱਖ ਵਾਰਡਾਂ ਅਤੇ ਦੁਕਾਨਾਂ ਤੇ ਉਨਾਂ ਦੇ ਸਮਰਥਕ ਵੋਟ ਮੰਗ ਰਹੇ ਹਨ। ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾਕਟਰ ਜਗਜੀਵਨ ਸਿੰਘ ਸ਼ੇਰਪੁਰ ਨੇ ਕਿਹਾ ਹੈ ਕਿ ਜੇਕਰ ਮੇਰੇ ਰੱਬ ਵਰਗੇ ਵੋਟਰਾਂ ਨੇ ਮੇਰਾ ਸਾਥ ਦਿੱਤਾ ਤਾਂ ਉਹ ਸਰਪੰਚ ਨਹੀਂ ਸਗੋਂ ਸੇਵਾਦਾਰ ਹੋ ਕੇ ਕੰਮ ਕਰਨਗੇ। ਕਿਉਂਕਿ ਸਮੁੱਚੇ ਨਗਰ ਨੂੰ ਪਤਾ ਹੈ ਕਿ ਕਸ਼ਬੇ ਅੰਦਰ ਬਹੁਤ ਸਾਰੀਆਂ ਸਮੱਸਿਆਵਾਂ ਅਜਿਹੀਆਂ ਹਨ ਜੋ ਜਿਉਂ ਦੀ ਤਿਉਂ ਖੜੀਆਂ ਦਿਖਾਈ ਦੇ ਰਹੀਆਂ ਹਨ। ਉਹਨਾਂ ਕਿਹਾ ਹੈ ਕਿ ਸਮੁੱਚਾ ਨਗਰ ਮੇਰਾ ਆਪਣਾ ਨਗਰ ਹੈ ਕਿਉਂਕਿ ਮੈਂ ਲੰਮਾ ਸਮਾਂ ਸਿਹਤ ਵਿਭਾਗ ਅੰਦਰ ਲੋਕਾਂ ਦੀ ਸੇਵਾ ਕੀਤੀ ਹੈ। ਇਸ ਲਈ ਸ਼ੇਰਪੁਰ ਦੇ ਸ਼ੇਰ ਦਿਲ ਲੋਕ ਪੜ੍ਹੇ ਲਿਖੇ ਸਿਆਣੇ ਸੁਲਝੇ ਹੋਏ ਅਤੇ ਅਗਾਹ ਵਧੂ ਸੋਚ ਰੱਖਣ ਵਾਲੇ ਉਮੀਦਵਾਰ ਨੂੰ ਇਸ ਵਾਰ ਜ਼ੂਰ ਮੌਕਾ ਦੇਣਗੇ। ਡਾਕਟਰ ਜਗਜੀਵਨ ਸਿੰਘ ਹੋਰਾਂ ਨੇ ਅੱਗੇ ਦੱਸਿਆ ਹੈ ਕਿ ਕਸਬੇ ਅੰਦਰ ਸੀਵਰੇਜ ਦਾ ਪ੍ਰਬੰਧ ਕਰਨਾ, ਛੱਪੜਾ ਦਾ ਵਧੀਆ ਨਵੀਨੀਕਰਨ, ਅਧੂਰੀਆਂ ਰਹਿ ਚੁੱਕੀਆਂ ਗਲੀਆਂ ਨਾਲੀਆਂ ਨੂੰ ਬਿਨਾਂ ਪੱਖਪਾਤ ਤੋਂ ਪੱਕਾ ਕਰਵਾਉਣਾ,ਕੂੜੇ ਡੰਪ ਦਾ ਪੱਕਾ ਪ੍ਰਬੰਧ ਕਰਨਾ, ਸਰਕਾਰੀ ਹਸਪਤਾਲ ਵਿੱਚ ਸਟਾਫ ਅਤੇ ਦਵਾਈਆਂ ਦੀ ਕਮੀ ਨੂੰ ਪੂਰਾ ਕਰਵਾਉਣਾ ਤੋਂ ਇਲਾਵਾ ਸਰਕਾਰੀ ਸਕੀਮਾਂ ਨੂੰ ਹਰ ਲੋੜਵੰਦ ਤੱਕ ਪਹੁੰਚਾਉਣਾ ਉਹਨਾਂ ਦਾ ਮੁੱਖ ਮਕਸਦ ਹੋਵੇਗਾ। ਉਹਨਾਂ ਕਿਹਾ ਹੈ ਕਿ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਨੇ ਸਾਨੂੰ ਵੋਟ ਦਾ ਇੱਕ ਅਜਿਹਾ ਹਥਿਆਰ ਦਿੱਤਾ ਹੈ ਜਿਸ ਨਾਲ ਅਸੀਂ ਆਪਣੇ ਮਰਜ਼ੀ ਅਨੁਸਾਰ ਮੱਤ ਦਾ ਦਾਨ ਕਰਕੇ ਚੰਗੇ ਉਮੀਦਵਾਰ ਨੂੰ ਅੱਗੇ ਲੈ ਕੇ ਆ ਸਕਦੇ ਹਾਂ। ਅੰਤ ਵਿੱਚ ਉਹਨਾਂ ਸਮੂਹ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ 15 ਤਰੀਕ ਵਾਲੇ ਦਿਨ ਰੋਡ ਰੋਲਰ ਦੇ ਚੋਣ ਨਿਸਾਨ ਤੇ ਮੋਹਰਾਂ ਲਗਾ ਕੇ ਉਹਨਾਂ ਨੂੰ ਇੱਕ ਵਾਰ ਸੇਵਾ ਦਾ ਮੌਕਾ ਜ਼ੂਰ ਦੇਣ।

ਰੋਜ਼ਾਨਾ ਲੋਕ ਬਾਣੀ
www.lokbani

# ਮਹਾਰਿਸ਼ੀ ਦਯਾਨੰਦ ਪਬਲਿਕ ਸਕੂਲ ਦੇ ਆਰਟ ਐਂਡ ਕਰਾਫਟ ਦੇ ਵਿਦਿਆਰਥੀਆਂ ਨੇ ਰਾਵਣ ਦੇ ਪੁਤਲੇ ਬਣਾਏ



ਚੰਡੀਗੜ੍ਹ। (ਲੋਕ ਬਾਣੀ) ਦੁਸਹਿਰੇ ਮੌਕੇ ਪੂਰੇ ਭਾਰਤ ਵਿੱਚ ਲੋਕ ਪੁਤਲਿਆਂ ਨੂੰ ਅੰਤਿਮ ਛੋਹਾਂ ਦੇਣ ਵਿੱਚ ਰੁੱਝੇ ਹੋਏ ਹਨ। ਮਹਾਰਿਸ਼ੀ ਦਯਾਨੰਦ ਪਬਲਿਕ ਸਕੂਲ, ਐਮ.ਡੀ.ਏ.ਵੀ ਭਵਨ, ਦਰਿਆ, ਚੰਡੀਗੜ੍ਹ ਦੇ ਆਰਟ ਐਂਡ ਕਰਾਫਟ ਅਧਿਆਪਕਾਂ ਦੀ ਅਗਵਾਈ ਹੇਠ ਵਿਦਿਆਰਥੀਆਂ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ ਅਤੇ ਰਾਵਣ ਦੇ ਪੁਤਲੇ ਬਣਾਏ। ਇੱਕ ਪਾਸੇ ਇੱਥੇ ਸੀਨੀਅਰ ਵਿਦਿਆਰਥੀ ਰਾਵਣ ਦਾ ਪੁਤਲਾ ਫੂਕਣ ਵਿੱਚ ਲੱਗੇ ਹੋਏ ਹਨ। ਜੂਨੀਅਰ ਜਮਾਤਾਂ ਦੇ ਵਿਦਿਆਰਥੀਆਂ ਨੇ ਰਾਵਣ ਦੇ ਪੁਤਲੇ ਬਣਾ ਕੇ ਆਪਣੀ ਕਲਾ ਦੇ ਜੌਹਰ ਦਿਖਾਏ। ਸਕੂਲ ਦੀ ਵਾਈਸ ਪ੍ਰਿੰਸੀਪਲ ਅੰਜੂ ਮੌਦਗਿਲ ਨੇ ਕਿਹਾ ਕਿ ਤਿਉਹਾਰ ਸਾਨੂੰ ਵਧੀਆ ਜੀਵਨ ਜਿਊਣ ਦਾ ਰਸਤਾ ਦਿਖਾਉਂਦੇ ਹਨ। ਇਹ ਸਾਡੇ ਸੱਭਿਆਚਾਰ ਨਾਲ ਜੁੜੇ ਹੋਏ ਹਨ। ਦੁਸਹਿਰੇ ਦਾ ਤਿਉਹਾਰ ਬੁਰਾਈ ਉੱਤੇ ਚੰਗਿਆਈ ਦੀ ਜਿੱਤ ਹੈ। ਸਾਨੂੰ ਉਨ੍ਹਾਂ ਤੋਂ ਸਿੱਖਣਾ ਚਾਹੀਦਾ ਹੈ। ਸਾਨੂੰ ਸਹੀ ਰਸਤੇ ਤੇ ਚੱਲਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸ ਰਾਹੀਂ ਅਸੀਂ ਵਿਦਿਆਰਥੀਆਂ ਨੂੰ ਆਪਣੇ ਮਹਾਨ ਸੱਭਿਆਚਾਰ ਨਾਲ ਵੀ ਜੋੜਨਾ ਹੈ। ਉਨ੍ਹਾਂ ਸਮੂਹ ਵਿਦਿਆਰਥੀਆਂ ਦੀ ਕਲਾ ਦੀ ਪ੍ਰਸ਼ੰਸਾ ਕੀਤੀ ਅਤੇ ਉਨ੍ਹਾਂ ਨੂੰ ਦੁਸਹਿਰੇ ਦੀ ਵਧਾਈ ਦਿੱਤੀ।

ਰੋਜ਼ਾਨਾ ਲੋਕ ਬਾਣੀ
www.lokbani

# ਸ਼੍ਰੀ ਰਾਮਲੀਲਾ ਗੰਗੂਵਾਲ ਉਤਸਵ 2024 ਲਈ ਕਲਾਕਾਰ ਸੰਜੀਵ ਧਰਮਾਣੀ ਦਾ ਵਿਸ਼ੇਸ਼ ਸਨਮਾਨ



ਸ਼੍ਰੀ ਅਨੰਦਪੁਰ ਸਾਹਿਬ, (ਦਵਿੰਦਰਪਾਲ ਸਿੰਘ): ਸ਼੍ਰੀ ਰਾਧਾ ਕ੍ਰਿਸ਼ਨ ਮੰਦਿਰ ਠਾਕੁਰ ਦੁਆਰਾ ਰਾਮਾਡ੍ਰਾਮਾਟਿੱਕ ਕਮੇਟੀ ਗੰਗੂਵਾਲ ਬਾਸੋਵਾਲ ਕਲੋਨੀ ਵਲੋਂ ' ਸ਼੍ਰੀ ਰਾਮਲੀਲਾ ਉਤਸਵ 2024 ' ਲਈ ਰੰਗਮੰਚ ਕਲਾਕਾਰ ਮਾਸਟਰ ਸੰਜੀਵ ਧਰਮਾਣੀ ਨੂੰ ਵਿਸ਼ੇਸ਼ - ਸਨਮਾਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਦੇ ਨਾਲ਼ ਹੀ ਸ਼੍ਰੀ ਰਾਮਲੀਲਾ ਕਮੇਟੀ ਗੰਗੂਵਾਲ ਬਾਸੋਵਾਲ ਕਲੋਨੀ ਨੇ ਮਾਸਟਰ ਸੰਜੀਵ ਧਰਮਾਣੀ ਵਲੋਂ ਵਾਤਾਵਰਨ ਤੇ ਪੰਛੀ - ਪਰਿੰਦਿਆਂ ਦੀ ਭਲਾਈ ਲਈ ਨਿਰੰਤਰ ਕੀਤੇ ਜਾ ਰਹੇ ਉਪਰਾਲਿਆਂ ਦੀ ਵੀ ਸਟੇਜ ਤੋਂ ਭਰਪੂਰ ਸ਼ਲਾਘਾ ਕੀਤੀ ਗਈ। ਮਾਸਟਰ ਸੰਜੀਵ ਧਰਮਾਣੀ ਨੇ ਇਸ ਸਭ ਦੇ ਲਈ ਪਰਮਾਤਮਾ ਅਤੇ ਸ਼੍ਰੀ ਰਾਧਾ ਕ੍ਰਿਸ਼ਨ ਮੰਦਿਰ ਠਾਕੁਰ ਦੁਆਰਾ ਰਾਮਾਡ੍ਰਾਮਾਟਿੱਕ ਕਮੇਟੀ ਗੰਗੂਵਾਲ ਬਾਸੋਵਾਲ ਕਲੋਨੀ ਦੇ ਪ੍ਰਧਾਨ , ਉੱਘੇ ਸਮਾਜ - ਸੇਵੀ ਅਤੇ ਬਾਸੋਵਾਲ ਕਲੋਨੀ ਦੇ ਨਵ - ਨਿਯੁਕਤ ਸਰਪੰਚ ਲੱਕੀ ਕਪਿਲਾ , ਵਾਈਸ ਪ੍ਰਧਾਨ ਪਵਨ ਕੁਮਾਰ ਚੀਟੂ , ਚੇਅਰਮੈਨ ਗੋਪਾਲ ਸ਼ਰਮਾ , ਸੈਕਟਰੀ ਪਵਨ ਕੁਮਾਰ ਫੋਰਮੈਨ , ਪ੍ਰੈਸ ਸਕੱਤਰ ਰਾਜੇਸ਼ ਚੀਟੂ , ਕੈਸ਼ੀਅਰ ਮੇਘਰਾਜ ਕੌਸ਼ਲ , ਡਾਇਰੈਕਟਰ ਅਜੈ ਕੁਮਾਰ ਸ਼ਰਮਾ , ਜੁਆਇੰਟ ਸੈਕਟਰੀ ਰਾਕੇਸ਼ ਕੁਮਾਰ ਭੋਲਾ , ਸਲਾਹਕਾਰ ਯਸ਼ਪਾਲ ਕਪਿਲਾ , ਨੰਬਰਦਾਰ ਰਘੂਕੁਲ ਭੂਸ਼ਣ ਬੰਟੀ , ਸਟੇਜ ਸੰਚਾਲਕ ਗਗਨ ਬਸੀ , ਸੰਤੋਖ ਕੁਮਾਰ , ਹੇਮੰਤ ਕੁਮਾਰ , ਸੁਦਾਮਾ ਰਾਮ , ਗਗਨ ਗੱਗੂ , ਕਮਲਜੀਤ ਲੱਕੀ , ਸਾਜਨ ਸਟੂਡਿਓ , ਸੋਨੂੰ ਕੁਮਾਰ , ਸਮੂਹ ਕਮੇਟੀ ਮੈਂਬਰਾਂ ਤੇ ਰੰਗਮੰਚ ਦੇ ਕਲਾਕਾਰਾਂ , ਪਤਵੰਤੇ ਸੱਜਣਾ , ਭਗਤ ਜਨਾਂ ਅਤੇ ਹਾਜ਼ਰ ਇਲਾਕਾ ਨਿਵਾਸੀਆਂ ਦਾ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਬਹੁਤ ਭਾਰੀ ਗਿਣਤੀ ਵਿੱਚ ਭਗਤਜਨ ਹਾਜ਼ਰ ਸਨ।

ਰੋਜ਼ਾਨਾ ਲੋਕ ਬਾਣੀ
www.lokbani

# ਬਜੁਰਗ ਸਾਡੇ ਮਾਰਗਦਰਸ਼ਕ ਨਾ ਕਿ ਬੋਝ : ਸਿਵਲ ਸਰਜਨ

## ਬਜੁਰਗਾਂ ਦੀ ਸਮੇਂ ਸਿਰ ਸਿਹਤ ਸੰਭਾਲ ਜਰੂਰੀ - ਡਾ.ਰਿਚਾ ਭਾਟੀਆ



ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਬਜੁਰਗ ਬੱਚਿਆਂ ਦੇ ਮਾਰਗਦਰਸ਼ਕ ਹੁੰਦੇ ਹਨ ਨਾ ਕਿ ਬੋਝ ਇਹ ਸ਼ਬਦ ਸਿਵਲ ਸਰਜਨ ਕਪੂਰਥਲਾ ਡਾ.ਰਿਚਾ ਭਾਟੀਆ ਨੇ ਵਿਸ਼ਵ ਬਜੁਰਗ ਦਿਵਸ ਦੇ ਸੰਬੰਧ ਵਿਚ ਪ੍ਰਗਟ ਕੀਤੇ ਉਨ੍ਹਾਂ ਕਿਹਾ ਕਿ ਬਜੁਰਗਾਂ ਦਾ ਮਾਰਗਦਰਸ਼ਨ ਹਮੇਸ਼ਾ ਬੱਚਿਆਂ ਉੱਪਰ ਬਣਿਆ ਰਹੇ ਉਸ ਲਈ ਜਰੂਰੀ ਹੈ ਕਿ ਉਹ ਹਮੇਸ਼ਾ ਸਿਹਤਮੰਦ ਰਹਿਣ।ਉਨ੍ਹਾਂ ਕਿਹਾ ਕਿ ਵਰਤਮਾਨ ਯੁੱਗ ਵਿੱਚ ਬੱਚੇ ਘਰ ਦੇ ਬਜੁਰਗਾਂ ਦੀ ਅਣਦੇਖੀ ਕਰਦੇ ਹਨ ਜੋ ਕਿ ਚਿੰਤਾਜਨਕ ਹੈ ਉਨ੍ਹਾਂ ਦੱਸਿਆ ਕਿ ਇਸ ਦਿਨ ਨੂੰ ਮਣਾਉਣ ਦਾ ਉਦੇਸ਼ ਹੀ ਬਜੁਰਗਾਂ ਦੇ ਸਿਹਤਮੰਦ ਜੀਵਨ ਲਈ ਤੇ ਉਨ੍ਹਾਂ ਨੂੰ ਕਿਸੇ ਵੀ ਅਪਮਾਨ ਤੇ ਦੁਰਵਿਹਾਰ ਤੋਂ ਬਚਾਉਣ ਲਈ ਸੁਖਾਵਾਂ ਮਾਹੌਲ ਪ੍ਰਦਾਨ ਕਰਨ ਲਈ ਲੋਕਾਂ ਨੂੰ ਜਾਗਰੂਕ ਕਰਨਾ ਹੈ ਸਿਵਲ ਸਰਜਨ ਡਾ.ਰਿਚਾ ਭਾਟੀਆ ਨੇ ਇਹ ਵੀ ਦੱਸਿਆ ਕਿ ਇਸ ਸਾਲ ਵਿਸ਼ਵ ਬਜੁਰਗ ਦਿਵਸ ਦੀ ਥੀਮ ਹਰ ਉਮਰ ਵਰਗ ਦੇ ਲਈ ਡਿਜੀਟਲ ਇਕਵਿਟੀ ਹੈ ਯਾਨਿ ਕਿ ਇਹ ਥੀਮ ਬਜੁਰਗਾਂ ਵੱਲੋਂ ਵੀ ਡਿਜਿਟਲ ਦੁਨੀਆ ਵਿਚ ਭਾਗੀਦਾਰੀ ਅਤੇ ਪਹੁੰਚ ਦੀ ਸਿਫਾਰਿਸ਼ ਕਰਦਾ ਹੈ ਜਿਲਾ ਪਰਿਵਾਰ ਭਲਾਈ ਅਫਸਰ ਡਾ.ਅਸ਼ੋਕ ਕਮਾਰ ਨੇ ਦੱਸਿਆ ਕਿ ਬਜੁਰਗ ਇਸ ਸਮਾਜ ਦਾ ਅਨਿਖੜਵਾਂ ਅੰਗ ਹਨ। ਉਨ੍ਹਾਂ ਦੱਸਿਆ ਸਿਹਤ ਵਿਭਾਗ ਵੱਲੋਂ ਬਜੁਰਗਾਂ ਵਾਸਤੇ ਨੈਸ਼ਨਲ ਪ੍ਰੋਗਰਾਮ ਫਾਰ ਹੈਲਥ ਕੇਅਰ ਆਫ ਐਲਡਰਲੀ ਚਲਾਇਆ ਜਾ ਰਿਹਾ ਹੈ। ਉਨ੍ਹਾਂ ਜੋਰ ਦਿੱਤਾ ਕਿ ਬਜੁਰਗਾਂ ਦੀ ਸਿਹਤ ਦੀ ਸਮੇਂ ਸਮੇਂ ਤੇ ਜਾਂਚ ਕਰਵਾਉਣੀ ਚਾਹੀਦੀ ਤਾਂ ਕਿ ਕਿਸੇ ਵੀ ਤਰ੍ਹਾਂ ਦੀ ਹੋਣ ਵਾਲੀ ਗੰਭੀਰ ਬੀਮਾਰੀ ਦਾ ਸਮੇਂ ਰਹਿੰਦਿਆਂ ਪਤਾ ਚਲ ਸਕੇ

ਰੋਜ਼ਾਨਾ ਲੋਕ ਬਾਣੀ
www.lokbani

# ਸਰਪੰਚੀ ਦੇ ਉਮੀਦਵਾਰ ਡਾਕਟਰ ਰਣਜੀਤ ਸਿੰਘ ਦੇ ਟਰੈਕਟਰ ਨੇ ਫੜੀ ਰੇਸ




ਸ਼ੇਰਪੁਰ (ਸੱਤਪਾਲ ਸਿੰਘ ਕਾਲਾਬੂਲਾ) ਜਿਉਂ ਜਿਉਂ ਚੋਣਾਂ ਦਾ ਸਮਾਂ ਨੇੜੇ ਆ ਰਿਹਾ ਹੈ ਤਿਉਂ ਤਿਉਂ ਉਮੀਦਵਾਰਾਂ ਨੇ ਵੀ ਆਪਣੀਆਂ ਚੋਣ ਸਰਗਰਮੀਆਂ ਵਿੱਚ ਤੇਜ਼ੀ ਲਿਆਂਦੀ ਹੈ। ਭਾਵੇਂ ਬਲਾਕ ਦੇ ਬਹੁਤੇ ਪਿੰਡਾਂ ਅੰਦਰ ਵਿਆਹ ਵਰਗਾ ਮਾਹੌਲ ਦੇਖਣ ਨੂੰ ਮਿਲ ਰਿਹਾ ਹੈ ਪਰੰਤੂ ਪਿੰਡ ਕਾਲਾਬੂਲਾ ਅੰਦਰ ਉਮੀਦਵਾਰ ਘੱਟ ਖਰਚ ਕਰਕੇ ਆਪਣੀ ਚੋਣ ਮਹਿਮ ਚਲਾ ਰਹੇ ਹਨ।

ਪਿੰਡ ਕਾਲਾਬੂਲਾ ਦੀ ਰਾਖਵੀਂ ਸੀਟ ਤੋਂ ਸਰਪੰਚੀ ਦੇ ਉਮੀਦਵਾਰ ਵਜੋਂ ਚੋਣ ਮੈਦਾਨ ਵਿੱਚ ਕੁੱਦੇ ਪੜ੍ਹੇ ਲਿਖੇ ਸਮਾਜ ਸੇਵਕ ਅਤੇ ਹਰ ਇੱਕ ਦੇ ਦੁੱਖ ਸੁੱਖ ਵਿੱਚ ਖੜਨ ਵਾਲੇ ਨੇਕ ਇਨਸਾਨ ਡਾਕਟਰ ਰਣਜੀਤ ਸਿੰਘ ਕਾਲਾਬੂਲਾ ਨੇ ਵੀ ਘਰੋਂ ਘਰੀ ਜਾ ਕੇ ਆਪਣੀ ਚੋਣ ਮੁਹਿੰਮ ਨੂੰ ਤੇਜ਼ ਕੀਤਾ ਹੋਇਆ ਹੈ। ਉਹਨਾਂ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਹੈ ਕਿ ਨਸ਼ਿਆਂ ਅਤੇ ਹੋਰ ਲਾਲਚਾ ਨੂੰ ਉਹਨਾਂ ਦੀ ਚੋਣ ਅੰਦਰ ਕੋਈ ਥਾਂ ਨਹੀਂ। ਉਹ ਖੁਦ ਲੋਕਤੰਤਰੀ ਢੰਗ ਨਾਲ ਇਹ ਚੋਣ ਲੜ ਰਹੇ ਹਨ ਅਤੇ ਹਰ ਇੱਕ ਨਾਗਰਿਕ ਨੂੰ ਆਪਣੀ ਵੋਟ ਪਾਉਣ ਦਾ ਪੂਰਾ ਅਧਿਕਾਰ ਹੈ। ਡਾਕਟਰ ਰਣਜੀਤ ਸਿੰਘ ਨੇ ਅੱਗੇ ਦੱਸਿਆ ਹੈ ਕਿ ਉਹਨਾਂ ਦੀ ਚੋਣ ਮੁਹਿੰਮ ਨੂੰ ਜਿੱਥੇ ਨੌਜਵਾਨਾਂ ਮਤਾਵਾਂ ਭੈਣਾਂ ਅਤੇ ਵੱਡੀ ਗਿਣਤੀ ਵਿੱਚ ਪੜ੍ਹੇ ਲਿਖੇ ਸੂਝਵਾਨ ਵੋਟਰਾਂ ਵੱਲੋਂ ਉਨਾਂ ਨੂੰ ਖੁਦ ਘਰ ਬੁਲਾ ਕੇ ਚੰਗਾ ਹੁਲਾਰਾ ਦਿੱਤਾ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਜੇਕਰ ਵਾਹਿਗੁਰੂ ਨੇ ਕਿਰਪਾ ਕੀਤੀ ਤਾਂ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਸਾਫ ਸੁਥਰਾ ਅਤੇ ਨਮੂਨੇ ਦਾ ਪਿੰਡ ਬਣਾਉਣਗੇ। ਆਪਣਾ ਪਿੰਡ ਅਜੇ ਵੀ ਬਹੁਤ ਸਾਰੀਆਂ ਲੋੜਾਂ ਨਾਲ ਜੂਝ ਰਿਹਾ ਹੈ। ਸਰਕਾਰੀ ਪ੍ਰਾਇਮਰੀ ਸਕੂਲ ਨੂੰ ਅੱਠਵੀਂ ਕਲਾਸ ਤੱਕ ਅਪਗ੍ਰੇਟ ਕਰਵਾਉਣਾ, ਪਿੰਡ ਵਿਚਲੇ ਛੱਪੜਾ ਦਾ ਨਵੀਨੀਕਰਨ ਕਰਕੇ ਪਾਣੀ ਦੇ ਨਿਕਾਸੀ ਦਾ ਸਹੀ ਹੱਲ, ਪਿੰਡ ਦੇ ਆਲੇ ਦੁਆਲੇ ਸਟਰੀਟ ਲਾਈਟਾਂ ਤੋਂ ਇਲਾਵਾ ਛਾਂਦਾਰ ਅਤੇ ਫਲਦਾਰ ਬੂਟੇ ਲਗਾਉਣਾ, ਅਧੂਰੀਆਂ ਸਮੱਸਿਆਵਾਂ ਨੂੰ ਪਹਿਲ ਦੇ ਅਧਾਰ ਤੇ ਹੱਲ ਕਰਨਾ, ਸਿਹਤ ਡਿਸਪੈਂਸਰੀ ਲੈ ਕੇ ਆਉਣਾ, ਨੌਜਵਾਨ ਪੀੜੀ ਨੂੰ ਨਸ਼ਿਆਂ ਚੋਂ ਕੱਢ ਕੇ ਖੇਡਾਂ ਵੱਲ ਪ੍ਰੇਰਿਤ ਕਰਨਾ, ਬਿਨਾਂ ਕਿਸੇ ਪੱਖਪਾਤ ਤੋਂ ਸਰਕਾਰੀ ਸਕੀਮਾਂ ਨੂੰ ਲੋਕਾਂ ਤੱਕ ਲਜਾ ਕੇ ਲਾਗੂ ਕਰਵਾਉਣਾ ਉਨਾਂ ਦਾ ਮੁੱਖ ਮਕਸਦ ਹੋਵੇਗਾ। ਉਹਨਾਂ ਇਹ ਵੀ ਦੱਸਿਆ ਕਿ ਮੈਨੂੰ ਇੱਕ ਸਾਲ ਪਹਿਲਾਂ ਹੀ ਨਗਰ ਦੇ ਸੁਲਝੇ ਹੋਏ ਲੋਕਾਂ ਨੇ ਸਰਪੰਚੀ ਦੀ ਚੋਣ ਲੜਨ ਲਈ ਹੱਲਾਸ਼ੇਰੀ ਦਿੱਤੀ ਸੀ। ਹੁਣ ਮੈਂ ਸਾਰੇ ਭਰਾਵਾਂ ਦੇ ਸਹਿਯੋਗ ਨਾਲ ਪਿੰਡ ਦੀ ਇੱਕ ਨਿਮਾਣਾ ਸੇਵਕ ਬਣ ਕੇ ਸੇਵਾ ਕਰਨਾ ਚਾਹੁੰਦਾ ਹਾਂ। ਡਾਕਟਰ ਰਣਜੀਤ ਸਿੰਘ ਨੇ ਵੱਖ-ਵੱਖ ਵਾਰਡਾਂ ਅੰਦਰ ਹੋਈ ਸਰਬ ਸੰਮਤੀ ਤੇ


ਸਮੁੱਚੇ ਵਾਰਡ ਵਾਸੀਆਂ ਦਾ ਧੰਨਵਾਦ ਕੀਤਾ ਅਤੇ ਕਿਹਾ ਹੈ ਕਿ ਇਹ ਸੁਲਝੇ ਹੋਏ ਅਤੇ ਸਿਆਣੇ ਨਗਰ ਦੀ ਇਹ ਨਿਸ਼ਾਨੀ ਹੈ। ਉਨਾਂ ਨਿਰਵਿਰੋਧ ਜਿੱਤੇ ਮੈਂਬਰਾਂ ਨੂੰ ਵੀ ਵਧਾਈ ਦਿੱਤੀ। ਅੰਤ ਵਿੱਚ ਉਹਨਾਂ ਸਮੁੱਚੇ ਨਗਰ ਨੂੰ ਅਪੀਲ ਕੀਤੀ ਕਿ ਉਹ ਆਉਣ ਵਾਲੀ 15 ਤਰੀਕ ਨੂੰ ਟਰੈਕਟਰ ਦੇ ਚੋਣ ਨਿਸ਼ਾਨ ਤੇ ਮੋਹਰਾਂ ਲਗਾ ਕੇ ਉਹਨਾਂ ਨੂੰ ਇੱਕ ਵਾਰ ਸੇਵਾ ਦਾ ਮੌਕਾ ਜ਼ਰੂਰ ਦੇਣ ਤਾਂ ਜੋ ਪਿੰਡ ਦੀ ਕਾਇਆਕਲਪ ਕੀਤੀ ਜਾ ਸਕੇ। ਇਸ ਉਪਰੰਤ ਉਨਾਂ ਨਾਲ ਪਿੰਡ ਦੇ ਨਗਰ ਨਿਵਾਸੀ ਵੀ ਹਾਜ਼ਰ ਸਨ। ਇਸ ਮੌਕੇ ਉਨਾਂ ਨਾਲ ਤੇਜ਼ੀ ਪੇਂਟਰ, ਮੱਖਣ ਸਿੰਘ, ਜਰਨੈਲ ਸਿੰਘ, ਗਗਨਦੀਪ ਸਿੰਘ ਗਗਨ, ਹਰਸ਼ਪਾਲ ਸਿੰਘ, ਕੁਲਵੰਤ ਸਿੰਘ, ਬਲਦੇਵ ਸਿੰਘ, ਧਰਮਪਾਲ ਸਿੰਘ, ਗੁਰਮੇਲ ਸਿੰਘ, ਅਮਰੀਕ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਨੌਜਵਾਨ ਹਾਜ਼ਰ ਸਨ।

# ਰਾਜ ਤਿਲਕ ਤੋਂ ਬਾਅਦ ਰਾਮ ਲੀਲਾ ਦਾ ਮੰਚਨ ਹੋਇਆ ਸੰਪੂਰਨ



ਖਰੜ, ( ਕਾਲਾ ਸਿੰਘ ਸੈਣੀ ):- ਸ਼੍ਰੀ ਰਾਮ ਲੀਲਾ ਕਲੱਬ ਰਜ਼ਿ ਦੁਸਹਿਰਾ ਗਰਾਊਂਡ ਖਰੜ ਵਿਖੇ ਰਾਮ ਲੀਲਾ ਦਾ ਮੰਚਨ ਸ਼੍ਰੀ ਰਾਮ ਚੰਦਰ ਜੀ ਦੇ ਰਾਜ ਤਿਲਕ ਤੋਂ ਬਾਅਦ ਸੰਪੂਰਨ ਹੋਇਆ। ਇਸ ਮੌਕੇ ਮਰਿਆਦਾ ਅਨੁਸਾਰ ਰਾਜ ਤਿਲਕ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਸਮਾਜ ਸੇਵੀ ਅਮਿਤ ਕੁਮਾਰ ਸ਼ਰਮਾ ਅਤੇ ਕੌਂਸਲਰ ਸੁਮਨ ਸ਼ਰਮਾ ਨੇ ਵਿਸ਼ੇਸ਼ ਤੌਰ 'ਤੇ ਸਿਰਕਤ ਕੀਤੀ। ਇਸ ਮੌਕੇ ਜਵਾਹਲ ਲਾਲ ਸ਼ਰਮਾ,ਪ੍ਰਿੰਸੀਪਲ ਜਤਿੰਦਰ ਕੁਮਾਰ ਗੁਪਤਾ,ਮਨਜੀਤ ਸਿੰਘ ਬੈਦਵਾਨ,ਹੇਮੰਤ ਸ਼ਰਮਾ,ਪ੍ਰੇਮ ਪ੍ਰਕਾਸ਼ ਸ਼ਰਮਾ,ਜੁਝਾਰ ਸਿੰਘ ਲੌਂਗੀਆ,ਵਰਿੰਦਰ ਕੁਮਾਰ,ਮਨੂੰ ਸ਼ਰਮਾ,ਬੌਬੀ ਸੈਣੀ,ਗੌਰਵ ਸੋਹਲ,ਕਰਨ ਅਨੰਦ ਹੈਪੀ,ਮੁਕੇਸ਼ ਸ਼ਰਮਾ,ਰੋਹਿਤ ਕੁਮਾਰ,ਹਰਸ ਸ਼ਰਨ,ਕਾਲਾ ਸਿੰਘ ਸੈਣੀ ਅਤੇ ਸਮੂਹ ਮੈਂਬਰ ਅਤੇ ਕਲਾਕਾਰ ਹਾਜ਼ਰ ਸਨ।

# ਇਸ ਐਤਵਾਰ ਰਾਤ 8 ਵਜੇ ਇੱਕ ਯਾਦਗਾਰ ਐਪੀਸੋਡ ਦੇਖਣ ਲਈ ਤਿਆਰ ਹੋ ਜੋ, ਮਿਊਜ਼ਿਕ ਤੇ ਮਸਤੀ ਵਿੱਚ ਸਿਰਫ ਜ਼ੀ ਪੰਜਾਬੀ ਤੇ !!




(ਲੋਕ ਬਾਣੀ) ਜ਼ੀ ਪੰਜਾਬੀ ਦਾ ਪ੍ਰਸਿੱਧ ਸੰਗੀਤ ਸ਼ੋਅ, ਮਿਊਜ਼ਿਕ ਤੇ ਮਸਤੀ, ਇਸ ਐਤਵਾਰ ਰਾਤ 8 ਵਜੇ ਸੰਗੀਤ, ਊਰਜਾ ਅਤੇ ਮਨੋਰੰਜਨ ਨਾਲ ਭਰਪੂਰ ਇੱਕ ਹੋਰ ਰੋਮਾਂਚਕ ਐਪੀਸੋਡ ਦੇ ਨਾਲ ਵਾਪਸ ਆ ਰਿਹਾ ਹੈ। ਇਸ ਹਫਤੇ ਦੇ ਐਪੀਸੋਡ ਵਿੱਚ ਇੱਕ ਉੱਭਰਦੇ ਗਾਇਕ ਪਾਰਸ ਕੰਬੋਜ ਦੁਆਰਾ ਇੱਕ ਵਿਸ਼ੇਸ਼ ਪ੍ਰਦਰਸ਼ਨ ਪੇਸ਼ ਕੀਤਾ ਜਾਵੇਗਾ, ਜੋ ਕਿ ਆਪਣੇ ਊਰਜਾਵਾਨ ਟਰੈਕਾਂ ਅਤੇ ਗਤੀਸ਼ੀਲ ਸਟੇਜ ਮੌਜੂਦਗੀ ਨਾਲ ਦਰਸ਼ਕਾਂ ਨੂੰ ਮਨਮੋਹਕ ਕਰਨ ਲਈ ਜਾਣਿਆ ਜਾਂਦਾ ਹੈ।

ਪ੍ਰਸ਼ੰਸਕ ਕਾਲਾ ਚਸ਼ਮਾ ⊘ ਨੱਚਣ ਨੂੰ ਜੀ ਕਰਦਾ, ਮੁੰਡਿਆ ਤੋ ਬਚਕੇ, ਦੁਪੱਟਾ ਤੇਰਾ ਸੱਤ ਰੰਗ ਦਾ, ਮਿੱਤਰਾ ਦੀ ਛੱਤਰੀ, ਯਾਰ ਬੋਲਦਾ, ਦਿਲ ਦੀ ਪਤਨੀ, ਜੱਟ ਦੀ ਪਸੰਦ, ਵਰਗੇ ਭੀੜ ਦੇ ਮਨਪਸੰਦ ਗੀਤਾਂ ਸਮੇਤ ਕੁਝ ਸਭ ਤੋਂ ਵੱਡੇ ਹਿੱਟ ਗੀਤਾਂ ਨੂੰ ਸੁਣਨ ਲਈ ਬਹੁਤ ਉਤਸੁਕ ਹਨ। ਅਤੇ ਮਿੱਤਰਾ ਦਾ ਨਾਮ ਚਲਦਾ। ਪਰੰਪਰਾਗਤ ਪੰਜਾਬੀ ਬੀਟਾਂ ਅਤੇ ਆਧੁਨਿਕ ਆਵਾਜ਼ ਦੇ ਵਿਲੱਖਣ ਮਿਸ਼ਰਣ ਨਾਲ, ਇਹ ਐਪੀਸੋਡ ਇੱਕ ਅਭੁੱਲ ਸੰਗੀਤਕ ਅਨੁਭਵ ਹੋਣ ਦਾ ਵਾਅਦਾ ਕਰਦਾ ਹੈ।

ਮਿਊਜ਼ਿਕ ਤੇ ਮਸਤੀ ਪੰਜਾਬੀ ਸੰਗੀਤ ਵਿੱਚ ਸਭ ਤੋਂ ਵਧੀਆ ਪ੍ਰਦਰਸ਼ਨ ਕਰਨ ਲਈ ਇੱਕ ਜਾਣ ਵਾਲਾ ਸ਼ੋਅ ਬਣ ਗਿਆ ਹੈ, ਅਤੇ ਇਹ ਐਪੀਸੋਡ ਉੱਚ-ਊਰਜਾ ਵਾਲੇ ਪ੍ਰਦਰਸ਼ਨ ਪੇਸ਼ ਕਰਨ ਅਤੇ ਪੰਜਾਬ ਦੀ ਜੀਵੰਤ ਭਾਵਨਾ ਦਾ ਜਸ਼ਨ ਮਨਾਉਣ ਦੀ ਪਰੰਪਰਾ ਨੂੰ ਜਾਰੀ ਰੱਖਦਾ ਹੈ।ਜ਼ੀ ਪੰਜਾਬੀ ਤੇ ਇਸ ਐਤਵਾਰ ਰਾਤ 8 ਵਜੇ ਇਸ ਰੋਮਾਂਚਕ ਐਪੀਸੋਡ ਨੂੰ ਦੇਖਣ ਦਾ ਮੌਕਾ ਨਾ ਗੁਆਓ। ਸੰਗੀਤ, ਮਸਤੀ ਅਤੇ ਯਾਦਾਂ ਨਾਲ ਭਰੀ ਰਾਤ ਲਈ ਪਰਿਵਾਰ ਅਤੇ ਦੋਸਤਾਂ ਨਾਲ ਟਿਊਨ ਇਨ ਕਰੋ!

# ਈਟੀਟੀ 5994 ਭਰਤੀ : ਮੁੱਖ ਮੰਤਰੀ ਤੇ ਸਿੱਖਿਆ ਮੰਤਰੀ ਦਾ ਰਾਵਣ ਰੂਪੀ ਪੁਤਲਾ ਸਾੜਿਆ

## ਅੱਠ ਦਿਨਾਂ ਤੋਂ ਟੈਂਕੀ 'ਤੇ ਡਟੇ ਹੋਏ ਨੇ ਦੋ ਉਮੀਦਵਾਰ

ਸ੍ਰੀ ਆਨੰਦਪੁਰ ਸਾਹਿਬ।(ਦਵਿੰਦਰਪਾਲ ਸਿੰਘ): ਈਟੀਟੀ ਟੈਟ ਪਾਸ 5994 ਬੇਰੁਜਗਾਰ ਅਧਿਆਪਕ ਯੂਨੀਅਨ ਪੰਜਾਬ ਨੇ ਪਿੰਡ ਗੰਭੀਰਪੁਰ ਵਿਖੇ ਆਪ ਸੁਪਰੀਮੋ ਤੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦਾ ਰਾਵਣ ਰੂਪੀ ਪੁਤਲਾ ਸਾੜ ਕੇ ਜੋਰਦਾਰ ਪਿੱਟ ਸਿਆਪਾ ਕੀਤਾ। ਇਸ ਦੇ ਨਾਲ ਹੀ ਯੂਨੀਅਨ ਦੇ ਦੋ ਉਮੀਦਵਾਰ ਆਦਰਸ਼ ਅਬੋਹਰ ਅਤੇ ਅਨਮੋਲ ਬੱਲੂਆਣਾ ਪਿਛਲੇ ਅੱਠ ਦਿਨਾਂ ਤੋਂ ਲਗਾਤਾਰ ਟੈਂਕੀ ਉਪਰ ਡਟੇ ਹੋਏ ਹਨ। ਜਿਨ੍ਹਾਂ ਵਿੱਚੋਂ ਇੱਕ ਉਮੀਦਵਾਰ ਆਦਰਸ਼ ਅਬੋਹਰ ਦੀ ਸਿਹਤ ਲਗਾਤਾਰ ਖਰਾਬ ਹੁੰਦੀ ਜਾ ਰਹੀ ਹੈ। ਜਦਕਿ 29 ਸਤੰਬਰ ਤੋਂ ਸ਼ੁਰੂ ਕੀਤਾ ਰੋਸ ਧਰਨਾ ਅੱਜ 14ਵੇਂ ਦਿਨ ਵੀ ਜਾਰੀ ਰਿਹਾ। ਇਸ ਮੌਕੇ ਸੂਬਾ ਕਮੇਟੀ ਮੈਂਬਰ ਬੱਗਾ ਖੁਡਾਲ, ਪਰਮਪਾਲ ਫਾਜ਼ਿਲਕਾ, ਬੰਟੀ ਕੰਬੋਜ, ਬਲਿਹਾਰ ਸਿੰਘ, ਕੁਲਵਿੰਦਰ ਬਰੇਟਾ, ਡਾ. ਪਰਵਿੰਦਰ ਸਿੰਘ ਲਾਹੌਰੀਆ, ਹਰੀਸ਼ ਫਾਜਿਲਕਾ ਅਤੇ ਪ੍ਰਗਟ ਬੋਹਾ ਨੇ ਦੱਸਿਆ ਕਿ ਪੰਜਾਬ ਸਰਕਾਰ ਦੀ ਨਲਾਇਕੀ ਕਾਰਨ ਅੱਜ ਈਟੀਟੀ 5994 ਭਰਤੀ ਦੇ ਉਮੀਦਵਾਰ ਦੁਸ਼ਹਿਰੇ ਦਾ ਪਵਿੱਤਰ ਤਿਉਹਾਰ ਆਪਣੇ ਘਰਾਂ ਤੋਂ ਬਾਹਰ ਮਨਾਉਣ ਲਈ ਮਜਬੂਰ ਹਨ। ਉਨ੍ਹਾਂ ਆਖਿਆ ਕਿ ਪਿਛਲੇ ਸਾਲ 11 ਅਕਤੂਬਰ 2023 ਨੂੰ ਵੀ ਸਿੱਖਿਆ ਮੰਤਰੀ ਦੇ ਪਿੰਡ ਗੰਭੀਰਪੁਰ ਵਿਖੇ ਹੀ ਉਕਤ 5994 ਭਰਤੀ ਨੂੰ ਪੂਰਾ ਕਰਨ ਲਈ ਪੱਕਾ ਮੋਰਚਾ ਲਗਾਇਆ ਗਿਆ ਸੀ। ਉਸ ਵੇਲੇ ਵੀ ਉਮੀਦਵਾਰਾਂ ਨੇ ਦੁਸ਼ਹਿਰਾ, ਦੀਵਾਲੀ, ਗੁਰਪੁਰਬ, ਨਵਾਂ ਸਾਲ, ਲੋਹੜੀ ਅਤੇ ਮਾਘੀ ਸਮੇਤ ਹੋਰ ਵੱਖ-ਵੱਖ ਵਿਸ਼ੇਸ਼ ਤਿਉਹਾਰ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਪਿੰਡ ਗੰਭੀਰਪੁਰ ਵਿਖੇ ਸੜਕਾਂ 'ਤੇ ਮਨਾਏ ਸਨ। ਉਸੇ ਸਮੇਂ ਨੂੰ ਮੁੜ ਦੁਹਰਾਉਂਦਿਆਂ ਅੱਜ ਫਿਰ ਉਮੀਦਵਾਰ ਦੁਸ਼ਹਿਰੇ ਦਾ ਐਨਾ ਵੱਡਾ ਤਿਉਹਾਰ ਸੜਕਾਂ 'ਤੇ ਮਨਾਉਣ ਲਈ ਮਜਬੂਰ ਹੋਏ ਹਨ। ਆਗੂਆਂ ਨੇ ਆਖਿਆ ਕਿ ਮੁੱਖ ਮੰਤਰੀ ਅਤੇ ਸਿੱਖਿਆ ਮੰਤਰੀ ਵੀ ਰਾਵਣ ਦੀ ਤਰਾਂ ਹੰਕਾਰ ਗਏ ਹਨ ਪਰ ਪੰਜਾਬ ਦੇ ਲੋਕ ਇਨ੍ਹਾਂ ਆਮ ਆਦਮੀ ਪਾਰਟੀ ਦੇ ਆਗੂਆਂ ਦਾ ਹੰਕਾਰ ਆਉਣ ਵਾਲੀਆਂ ਜਿਮਨੀ ਚੋਣਾਂ ਸਮੇਤ 2027 ਦੀਆਂ ਪੰਜਾਬ ਵਿਧਾਨ ਸਭਾ ਵਿੱਚ ਤੋੜ ਦੇਣਗੇ ਅਤੇ ਇਨ੍ਹਾਂ ਨੂੰ ਸੱਤਾ ਤੋਂ ਲਾਂਭੇ ਕਰ ਦੇਣਗੇ।



**ਡੀਟੀਐਫ, ਪੀਐਸਯੂ ਅਤੇ ਡੀਐਮਐਫ ਨੇ ਕੀਤੀ ਹਮਾਇਤ**

ਪਿਛਲੇ 14 ਦਿਨਾਂ ਤੋਂ ਚੱਲ ਰਹੇ ਰੋਸ ਧਰਨੇ ਵਿੱਚ ਸ਼ਨੀਵਾਰ ਨੂੰ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ, ਪੰਜਾਬ ਸਟੂਡੈਂਟ ਯੂਨੀਅਨ ਅਤੇ ਡੈਮੋਕ੍ਰੇਟਿਕ ਮੁਲਾਜਮ ਫਰੰਟ ਦੇ ਅਹੁਦੇਦਾਰਾਂ ਨੇ ਭਰਵੀਂ ਸ਼ਮੂਲੀਅਤ ਕਰਦਿਆਂ ਹਮਾਇਤ ਦਾ ਐਲਾਨ ਕੀਤਾ। ਇਸ ਮੌਕੇ ਭਰਾਤਰੀ ਜਥੇਬੰਦੀ ਦੇ ਆਗੂਆਂ ਨੇ ਈਟੀਟੀ 5994 ਯੂਨੀਅਨ ਦੇ ਆਗੂਆਂ ਨੂੰ ਭਰੋਸਾ ਦਿਵਾਇਆ ਕਿ ਭਵਿੱਖ ਵਿੱਚ ਜੋ ਵੀ ਧਰਨੇ ਪ੍ਰਦਰਸ਼ਨ ਕੀਤੇ ਜਾਣਗੇ, ਉਸ ਵਿੱਚ ਭਰਾਤਰੀ ਜਥੇਬੰਦੀਆਂ ਭਰਵੀਂ ਸ਼ਮੂਲੀਅਤ ਕਰਕੇ ਉਕਤ 5994 ਭਰਤੀ ਨੂੰ ਪੂਰਾ ਕਰਨ ਵਿੱਚ ਵਿਸ਼ੇਸ਼ ਸਹਿਯੋਗ ਦੇਣਗੀਆਂ।

ਫੋਟੋ ਕੈਪਸ਼ਨ - ਪਿੰਡ ਗੰਭੀਰਪੁਰ ਵਿਖੇ ਮੁੱਖ ਮੰਤਰੀ ਤੇ ਸਿੱਖਿਆ ਮੰਤਰੀ ਦਾ ਰਾਵਣ ਰੂਪੀ ਪੁਤਲਾ ਸਾੜਦੇ ਹੋਏ ਈਟੀਟੀ 5994 ਯੂਨੀਅਨ ਦੇ ਨੁਮਾਇੰਦੇ।

# ਜੇਲ੍ਹ ਵਾਰਡਨ ਸਮੇਤ ਤਿੰਨ ਨਸ਼ਾ ਤਸਕਰ 4.5 ਕਿਲੋ ਹੈਰੋਇਨ, 4.32 ਲੱਖ ਰੁਪਏ ਦੀ ਡਰੱਗ ਨਾਲ ਗ੍ਰਿਫਤਾਰ

ਅੰਮ੍ਰਿਤਸਰ, (ਲੋਕ ਬਾਣੀ)

ਨਸ਼ਿਆਂ ਵਿਰੁੱਧ ਚੱਲ ਰਹੀ ਜੰਗ ਦੌਰਾਨ ਸਰਹੱਦ ਪਾਰ ਤੋਂ ਨਸ਼ਾ ਤਸਕਰੀ ਕਰਨ ਵਾਲੇ ਨੈੱਟਵਰਕਾਂ ਵਿਰੁੱਧ ਇੱਕ ਹੋਰ ਵੱਡੀ ਸਫਲਤਾ ਦਰਜ ਕਰਦਿਆਂ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਦੋ ਭਰਾਵਾਂ ਨੂੰ 4.5 ਕਿਲੋ ਹੈਰੋਇਨ , 4.32 ਲੱਖ ਰੁਪਏ ਡਰੱਗ ਮਨੀ ਸਮੇਤ ਗ੍ਰਿਫਤਾਰ ਕੀਤਾ। ਇਸ ਤੋਂ ਇਲਵਾ ਉਕਤ ਤਸਕਰਾਂ ਕੋਲੋਂ ਹੈਰੋਇਨ ਪ੍ਰਾਪਤ ਕਰਕੇ ਕੇਂਦਰੀ ਜੇਲ੍ਹ ਅੰਮ੍ਰਿਤਸਰ ਵਿੱਚ ਸਪਲਾਈ ਕਰਨ ਵਾਲੇ ਜੇਲ੍ਹ ਵਾਰਡਨ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ।

ਇਹ ਜਾਣਕਾਰੀ ਦਿੰਦਿਆਂ ਪੰਜਾਬ ਦੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਗੌਰਵ ਯਾਦਵ ਨੇ ਵੀਰਵਾਰ ਨੂੰ ਦੱਸਿਆ ਕਿ ਫੜੇ ਗਏ ਨਸ਼ਾ ਤਸਕਰਾਂ ਦੀ ਪਛਾਣ ਅਕਾਸ਼ਦੀਪ ਸਿੰਘ ਉਰਫ ਆਕਾਸ਼ ਅਤੇ ਸਤਵਿੰਦਰਪਾਲ ਸਿੰਘ ਉਰਫ ਸੱਤੀ ਦੋਵੇਂ ਵਾਸੀ ਗੁਰੂ ਹਰਗੋਬਿੰਦਪੁਰਾ, ਛੇਹਰਟਾ, ਅੰਮ੍ਰਿਤਸਰ ਵਜੋਂ ਹੋਈ ਹੈ, ਜਦਕਿ ਜੇਲ ਵਾਰਡਨ ਦੀ ਪਛਾਣ ਗੁਰਮੇਜ ਸਿੰਘ ਵਾਸੀ ਪਿੰਡ ਕੋਟ ਸਦਰ ਖਾਂ ਮੋਗਾ ਵਜੋਂ ਕੀਤੀ ਗਈ ਹੈ। ਉਕਤ ਜੇਲ੍ਹ ਵਾਰਡਨ ਕੇਂਦਰੀ ਜੇਲ੍ਹ ਅੰਮ੍ਰਿਤਸਰ ਵਿੱਚ ਬੰਦ ਕੈਦੀਆਂ ਨੂੰ ਹੈਰੋਇਨ ਸਪਲਾਈ ਕਰਦਾ ਸੀ।

ਇਹ ਕਾਰਵਾਈ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਵੱਲੋਂ ਤਿੰਨ ਨਸ਼ਾ ਤਸਕਰਾਂ ਨੂੰ 5 ਕਿੱਲੋ ਹੈਰੋਇਨ ਅਤੇ 3.95 ਲੱਖ ਰੁਪਏ ਦੀ ਡਰੱਗ ਮਨੀ ਸਮੇਤ ਗ੍ਰਿਫਤਾਰ ਕਰਨ ਤੋਂ ਇੱਕ ਦਿਨ ਬਾਅਦ ਅਮਲ ਵਿਚ ਆਈ ਹੈ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਅਕਾਸ਼ਦੀਪ ਸਿੰਘ ਅਤੇ ਸਤਿੰਦਰਪਾਲ ਸਿੰਘ ਪਾਕਿਸਤਾਨ ਸਥਿਤ ਨਸ਼ਾ ਤਸਕਰਾਂ, ਜੋ ਡਰੋਨ ਦੀ ਵਰਤੋਂ ਕਰਕੇ ਸਰਹੱਦ ਪਾਰੋਂ ਨਸ਼ਿਆਂ ਦੀ ਸਪਲਾਈ ਕਰਦੇ ਸਨ, ਦੇ ਸਿੱਧੇ ਸੰਪਰਕ ਵਿੱਚ ਸਨ।

ਉਨ੍ਹਾਂ ਦੱਸਿਆ ਕਿ ਪੁੱਛ-ਗਿੱਛ ਦੌਰਾਨ ਫੜੇ ਗਏ ਮੁਲਜ਼ਮਾਂ ਨੇ ਖੁਲਾਸਾ ਕੀਤਾ ਹੈ ਕਿ ਓਹ ਜੇਲ੍ਹ ਵਾਰਡਨ ਗੁਰਮੇਜ ਸਿੰਘ ਨੂੰ ਹੈਰੋਇਨ ਸਪਲਾਈ ਕਰਦੇ ਸਨ, ਜੋ ਅੱਗੇ ਜੇਲ੍ਹ 'ਚ ਬੈਠੇ ਨਸ਼ਾ ਤਸਕਰਾਂ ਤੱਕ ਨਸ਼ੇ ਦੀ



ਸਪਲਾਈ ਪਹੁੰਚਾਉਂਦਾ ਸੀ। ਉਨ੍ਹਾਂ ਦੱਸਿਆ ਕਿ ਇੱਕ ਪੇਸ਼ੇਵਰਾਨਾ ਅਤੇ ਤਕਨੀਕੀ ਜਾਂਚ ਉਪਰੰਤ ਐਨਡੀਪੀਐਸ ਐਕਟ ਦੇ ਤਹਿਤ ਐਫਆਈਆਰ ਦਰਜ ਕੀਤੀ ਗਈ ਹੈ। ਉਹਨਾਂ ਕਿਹਾ ਕਿ ਇਸ ਮਾਮਲੇ ਵਿੱਚ ਅਗਲੇਰੇ-ਪਿਛਲੇਰੇ ਸਬੰਧ ਸਥਾਪਤ ਕਰਨ ਲਈ ਜਾਂਚ ਜਾਰੀ ਹੈ।

ਆਪ੍ਰੇਸ਼ਨ ਦੇ ਵੇਰਵੇ ਸਾਂਝੇ ਕਰਦਿਆਂ ਪੁਲਿਸ ਕਮਿਸ਼ਨਰ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਸੀ.ਆਈ.ਏ. ਸਟਾਫ-2 ਦੀਆਂ ਟੀਮਾਂ ਨੂੰ ਭਰੋਸੇਯੋਗ ਸੂਤਰਾਂ ਤੋਂ ਇਤਲਾਹ ਮਿਲੀ ਸੀ ਕਿ ਦੋ ਭਰਾਵਾਂ ਨੇ ਸਰਹੱਦ ਪਾਰ ਤੋਂ ਡਰੋਨ ਦੀ ਵਰਤੋਂ ਕਰਕੇ ਸੁੱਟੀ ਗਈ ਨਸ਼ੀਲੇ ਪਦਾਰਥਾਂ ਦੀ ਇੱਕ ਵੱਡੀ ਖੇਪ ਪ੍ਰਾਪਤ ਕੀਤੀ ਹੈ ਅਤੇ ਇਸ ਖੇਪ ਨੂੰ ਆਪਣੀ ਰਿਹਾਇਸ਼ ਗੁਰੂ ਹਰਗੋਬਿੰਦਪੁਰਾ, ਛੇਹਰਟਾ ਵਿਖੇ ਛੁਪਾਇਆ ਹੋਇਆ ਹੈ।

ਇਤਲਾਹ ਤੇ ਮੁਸਤੈਦੀ ਨਾਲ ਕਾਰਵਾਈ ਕਰਦਿਆਂ ਡੀਸੀਪੀ ਸਿਟੀ ਅੰਮ੍ਰਿਤਸਰ ਅਭਿਮਨਿਊ ਰਾਣਾ ਆਈਪੀਐਸ, ਡੀਸੀਪੀ ਇਨਵੈਸਟੀਗੇਸ਼ਨ ਹਰਪ੍ਰੀਤ ਮੰਡੇਰ ਅਤੇ ਏ.ਸੀ.ਪੀ. ਵੈਸਟ ਸ਼ਿਵਦਰਸ਼ਨ ਸਿੰਘ ਦੀ ਅਗਵਾਈ ਹੇਠ ਥਾਣਾ ਛੇਹਰਟਾ ਅੰਮ੍ਰਿਤਸਰ ਦੀਆਂ ਪੁਲੀਸ ਟੀਮਾਂ ਨੇ ਗੁਰੂ ਹਰਗੋਬਿੰਦਪੁਰਾ, ਛੇਹਰਟਾ ਅੰਮ੍ਰਿਤਸਰ ਵਿੱਚ ਸਥਿਤ ਡੇਰਾ ਰਾਧਾ ਸੁਆਮੀ ਨੇੜੇ ਇੱਕ ਘਰ ਵਿੱਚੋਂ ਦੋਵਾਂ ਨਸ਼ਾ ਤਸਕਰਾਂ ਨੂੰ ਕਾਬੂ ਕਰ ਲਿਆ।

ਉਨ੍ਹਾਂ ਦੱਸਿਆ ਕਿ ਜੇਲ੍ਹ ਵਾਰਡਨ ਦੀ ਮਿਲੀਭੁਗਤ ਸਬੰਧੀ ਖੁਲਾਸੇ ਤੋਂ ਬਾਅਦ ਪੁਲਿਸ ਟੀਮਾਂ ਨੇ ਅੰਮ੍ਰਿਤਸਰ ਦੇ ਫਤਿਹਪੁਰ ਇਲਾਕੇ ਤੋਂ ਗੁਰਮੇਜ ਸਿੰਘ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਜੇਲ੍ਹ ਵਾਰਡਨ ਜੇਲ੍ਹ ਅੰਦਰ ਬੈਠੇ ਨਸ਼ਾ ਤਸਕਰ ਵਿਚਕਾਰ ਵਿਚੋਲੇ ਦਾ ਕੰਮ ਕਰ ਰਿਹਾ ਸੀ। ਉਨ੍ਹਾਂ ਕਿਹਾ ਕਿ ਜੇਲ੍ਹ ਵਿੱਚ ਨਸ਼ਾ ਤਸਕਰਾਂ, ਜਿਨ੍ਹਾਂ ਨੂੰ ਹੈਰੋਇਨ ਸਪਲਾਈ ਕੀਤੀ ਜਾ ਰਹੀ ਸੀ। ਉਨ੍ਹਾਂ ਦੀ ਪਛਾਣ ਕਰਨ ਲਈ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ। ਇਸ ਸਬੰਧੀ ਥਾਣਾ ਛੇਹਰਟਾ, ਅੰਮ੍ਰਿਤਸਰ ਵਿਖੇ ਐਨ.ਡੀ.ਪੀ.ਐਸ. ਐਕਟ ਦੀਆਂ ਧਾਰਾਵਾਂ 21-ਸੀ ਅਤੇ 29 ਤਹਿਤ ਐਫ.ਆਈ.ਆਰ. ਨੰਬਰ 184 ਤਹਿਤ ਕੇਸ ਦਰਜ ਕੀਤਾ ਗਿਆ ਹੈ.

## ਸਰਪੰਚੀ

ਸਰਪੰਚੀ ਦੀਆਂ ਚੋਣਾਂ ਆਈਆਂ,
ਹੁਣ ਦੌਰ ਗਲਾਸੀ ਚੱਲਣਗੇ,
ਕੌਲੀ ਚੱਟ ਤੇ ਚਮਚੇ ਦੋਵੇਂ,
ਦਰ ਦੋਵਾਂ ਦੇ ਮੱਲਣਗੇ,
ਏਧਰੋਂ ਖਾ ਕੇ ਉਧਰੋਂ ਪੀ ਕੇ,
ਪੈਰ ਜ਼ਮੀਨੋਂ ਹੱਲਣਗੇ,
ਊਤਾਂ ਦੇ ਘਰ ਊਤ ਸਿਆਣੇ,
ਕਹਿੰਦੇ ਮੁੜ ਮੁੜ ਜੰਮਣਗੇ,
ਗੱਲਾਂ ਦਾ ਕੜਾਹ ਬਣਾ ਕੇ,
ਸਭ ਦਾ ਮੱਥਾ ਡੰਮਣਗੇ,
ਚੁਗਲਖੋਰ ਕਈ ਚੁਗ਼ਲੀ ਕਰਕੇ,
ਸੱਪ ਨਵਾਂ ਕੋਈ ਛੱਡਣਗੇ,
ਕਈਆਂ ਦਾ ਕਿੱਲਾ ਵਿਕ ਜਾਣਾ,
ਕਈਆਂ ਦਾ ਧੌਣ ਚੋਂ ਕੱਢਣਗੇ
ਪ੍ਰਿੰਸ ਨਿਮਾਣਿਆ ਬਚ ਕੇ ਰਹਿਣਾ
ਨਹੀਂ ਜੜਾਂ ਤੇਰੀਆਂ ਵੱਢਣਗੇ,

ਰੋਜ਼ਾਨਾ ਲੋਕ ਬਾਣੀ www.lokbani



ਰਣਬੀਰ ਸਿੰਘ ਪ੍ਰਿੰਸ
ਆਫ਼ਿਸਰ ਕਾਲੋਨੀ
ਸੰਗਰੂਰ 148001
9872299613

# ਕੈਬਨਿਟ ਮੰਤਰੀ ਡਾ: ਰਵਜੋਤ ਸਿੰਘ ਸ੍ਰੀ ਦਰਬਾਰ ਸਾਹਿਬ,ਸ੍ਰੀ ਦੁਰਗਿਆਨਾ ਮੰਦਿਰ ਵਿਖੇ ਹੋਏ ਨਤਮਸਤਕ

## ਜਲਿਆਂਵਾਲਾ ਬਾਗ ਵਿਖੇ ਸ਼ਹੀਦਾਂ ਨੂੰ ਦਿੱਤੀ ਸ਼ਰਧਾਂਜਲੀ ਭਗਵਾਨ ਵਾਲਮੀਕਿ ਜੀ ਦੀ ਸ਼ੋਭਾ ਯਾਤਰਾ ਵਿੱਚ ਹੋਏ ਸ਼ਾਮਲ

ਅੰਮ੍ਰਿਤਸਰ (ਲੋਕ ਬਾਣੀ)- ਹਾਲ ਹੀ ਵਿੱਚ ਪੰਜਾਬ ਕੈਬਨਿਟ ਦੇ ਹੋਏ ਵਿਸਥਾਰ ਦੌਰਾਨ ਬਣੇ ਸਥਾਨਕ ਸਰਕਾਰਾਂ ਮੰਤਰੀ ਡਾ.ਰਵਜੋਤ ਸਿੰਘ ਪਰਮਾਤਮਾ ਦਾ ਸ਼ੁਕਰਾਨਾ ਕਰਨ ਲਈ ਸ੍ਰੀ ਦਰਬਾਰ ਸਾਹਿਬ, ਸ੍ਰੀ ਦੁਰਗਿਆਨਾ ਮੰਦਿਰ ਵਿਖੇ ਨਤਮਸਤਕ ਹੋਏ ਅਤੇ ਪ੍ਰਮਾਤਮਾ ਕੋਲ ਇਸ ਵੱਡੀ ਜਿੰਮੇਵਾਰੀ ਨੂੰ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣ ਲਈ ਬਲ ਬਖਸ਼ਣ ਦੀ ਅਰਦਾਸ ਕੀਤੀ। ਇਸ ਉਪਰੰਤ ਕੈਬਿਨਟ ਮੰਤਰੀ ਡਾ.ਰਵਜੋਤ ਸਿੰਘ ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਦੇ ਸਬੰਧ ਵਿੱਚ ਕੱਢੀ ਗਈ ਸ਼ੋਭਾ ਯਾਤਰਾ ਵਿੱਚ ਸ਼ਾਮਲ ਹੋਏ ਅਤੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਅਜੋਕੇ ਸਮੇਂ ਦੀ ਮੁੱਖ ਲੋੜ ਹੈ ਕਿ ਅਸੀਂ ਸਾਰੇ ਭਗਵਾਨ ਵਾਲਮੀਕੀ ਜੀ ਦੇ ਦੱਸੇ ਮਾਰਗ ਤੇ ਚੱਲੀਏ। ਇਸ ਮੌਕੇ ਉਨ੍ਹਾਂ ਦੇ ਨਾਲ ਡਵੀਜਨਲ ਕਮਿਸ਼ਨਰ ਪ੍ਰਦੀਪ ਸਭਰਵਾਲ, ਨਗਰ ਨਿਗਮ ਦੇ ਸਹਾਇਕ ਕਮਿਸ਼ਨਰ ਵਿਸ਼ਾਲ ਵਧਾਵਨ,ਸ੍ਰੀ ਓ:ਪੀ:ਗੱਬਰ, ਆਪ ਆਗੂ ਸ੍ਰੀ ਰਵਿੰਦਰ ਹੰਸ ਵੀ ਹਾਜਰ ਸਨ।

ਅੰਮ੍ਰਿਤਸਰ ਵਿੱਖੇ ਪੁੱਜਣ ਤੇ ਜਿਲ੍ਹਾ ਪ੍ਰਸ਼ਾਸ਼ਨ ਵਲੋਂ ਉਨਾਂ ਨੂੰ ਗਾਰਡ ਆਫ਼ ਆਨਰ ਦਿੱਤਾ ਗਿਆ। ਕੈਬਨਿਟ ਮੰਤਰੀ ਡਾ.ਰਵਜੋਤ ਸਿੰਘ ਨੂੰ ਸ੍ਰੀ ਦਰਬਾਰ



ਸਾਹਿਬ ਵਿਖੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰੀਆਂ ਵਲੋਂ ਜੀ ਆਇਆਂ ਕਿਹਾ ਗਿਆ ਅਤੇ ਧਾਰਮਿਕ ਪੁਸਤਕਾਂ ਦਾ ਸੈਟ ਭੇਟ ਕਰਕੇ ਉਨਾਂ ਨੂੰ ਸਨਮਾਨਿਤ ਕੀਤਾ। ਇਸ ਉਪਰੰਤ ਜਲਿਆਂਵਾਲਾ ਬਾਗ ਵਿਖੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਅਤੇ ਇਸ ਉਪਰੰਤ ਸ੍ਰੀ ਦੁਰਗਿਆਨਾ ਮੰਦਿਰ ਵਿਖੇ ਮੱਥਾ ਟੇਕਿਆ ਜਿਥੇ ਕਮੇਟੀ ਵੱਲੋਂ ਉਨ੍ਹਾਂ ਨੂੰ ਸਨਮਾਨਤ ਵੀ ਕੀਤਾ ਗਿਆ।

ਉਨਾਂ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਵਲੋਂ ਦਿੱਤੀ ਜਿੰਮੇਵਾਰੀ ਲਈ ਪ੍ਰਮਾਤਮਾ ਦਾ ਓਟ ਆਸਰਾ ਲੈਣ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਹੈ। ਉਨਾਂ ਕਿਹਾ ਕਿ ਉਹ ਪੰਜਾਬ ਨੂੰ ਮੁੜ ਤੋਂ ਲੀਹਾਂ ਉੱਤੇ ਲਿਆਉਣ ਲਈ ਪੂਰੀ ਤਨਦੇਹੀ ਨਾਲ ਕੰਮ ਕਰਨਗੇ। ਇਸ ਮੌਕੇ ਕਮਿਸ਼ਨਰ ਨਗਰ ਨਿਗਮ ਅੰਮ੍ਰਿਤਸਰ ਗੁਲਪ੍ਰੀਤ ਸਿੰਘ ਔਲਖ, ਵਧੀਕ ਡਿਪਟੀ ਕਮਿਸ਼ਨਰ ਜਨਰਲ ਜੋਤੀ ਬਾਲਾ, ਵਧੀਕ ਡਿਪਟੀ ਕਮਿਸ਼ਨਰ ਸ਼ਹਿਰੀ ਵਿਕਾਸ ਅਮਿਤ ਸਰੀਨ, ਐਸ:ਡੀ:ਐਮ ਮਨਕੰਵਲ ਸਿੰਘ ਚਾਹਲ, ਦੁਰਗਿਆਨਾ ਮੰਦਿਰ ਕਮੇਟੀ ਪ੍ਰਧਾਨ ਮੈਡਮ ਲਕਸ਼ਮੀ ਕਾਂਤਾ ਚਾਵਲਾ, ਚੇਅਰਮੈਨ ਜਿਲ੍ਹਾ ਯੋਜਨਾ ਕਮੇਟੀ, ਜਸਪ੍ਰੀਤ ਸਿੰਘ, ਚੇਅਰਮੈਨ ਨਗਰ ਸੁਧਾਰ ਟਰੱਸਟ ਅਸ਼ੋਕ ਤਲਵਾੜ, ਡਾ: ਰਾਕੇਸ਼ ਸ਼ਰਮਾ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜਰ ਸਨ।

# ਰਾਮਲੀਲਾ ਕਮੇਟੀ ਨੇ ਵਿਧਾਇਕ ਰੰਧਾਵਾ ਦਾ ਕੀਤਾ ਸ਼ਾਨਦਾਰ ਸਵਾਗਤ, ਧੰਨਵਾਦ ਪ੍ਰਗਟ ਕੀਤਾ, ਵਿਜੇਦਸ਼ਮੀ ਦੀਆਂ ਦਿੱਤੀਆਂ ਸ਼ੁੱਭਕਾਮਨਾਵਾਂ

ਡੇਰਾਬੱਸੀ, (ਲੋਕ ਬਾਣੀ)ਵਿਧਾਇਕ ਕੁਲਜੀਤ ਰੰਧਾਵਾ ਨੇ ਵਿਜੈਦਸ਼ਮੀ ਦੇ ਪਵਿੱਤਰ ਤਿਉਹਾਰ ਦੁਸਹਿਰੇ ਮੌਕੇ ਡੇਰਾਬੱਸੀ ਵਿਖੇ ਰਾਮਲੀਲਾ ਕਮੇਟੀਆਂ ਵੱਲੋਂ ਕਰਵਾਏ ਗਏ ਪ੍ਰੋਗਰਾਮਾਂ ਵਿੱਚ ਸ਼ਿਰਕਤ ਕੀਤੀ ਅਤੇ ਡੇਰਾਬੱਸੀ ਸਮੇਤ ਸਮੁੱਚੇ ਪੰਜਾਬ ਅਤੇ ਦੇਸ਼ ਵਾਸੀਆਂ ਨੂੰ ਹਾਰਦਿਕ ਵਧਾਈਆਂ ਅਤੇ ਸ਼ੁਭ ਕਾਮਨਾਵਾਂ ਦਿੱਤੀਆਂ। ਇਸ ਮੌਕੇ ਉਨ੍ਹਾਂ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਰੰਧਾਵਾ ਨੇ ਕਿਹਾ ਕਿ ਸਦੀਆਂ ਤੋਂ ਵਿਜੇਦਸ਼ਮੀ ਅਤੇ ਦੁਸਹਿਰੇ ਦਾ ਇਹ ਪਵਿੱਤਰ ਤਿਉਹਾਰ ਸਾਨੂੰ ਆਪਣੇ ਸਨਾਤਨ ਸੱਭਿਆਚਾਰ ਨਾਲ ਜੁੜਨ ਅਤੇ ਸੱਚਾਈ, ਧਰਮ ਅਤੇ ਹਿੰਮਤ ਦੀ ਪ੍ਰੇਰਨਾ ਦਿੰਦਾ ਆ ਰਿਹਾ ਹੈ। ਵਿਧਾਇਕ ਰੰਧਾਵਾ ਨੇ ਆਪਣੇ ਸੰਬੋਧਨ ਵਿਚ ਦੁਸਹਿਰੇ ਦੀ ਮਹੱਤਤਾ ਤੇ ਜ਼ੋਰ ਦਿੱਤਾ ਅਤੇ ਦੱਸਿਆ ਕਿ ਕਿਸ ਤਰ੍ਹਾਂ ਇਹ ਸਦੀਆਂ ਤੋਂ ਲੋਕਾਂ ਨੂੰ ਆਪਣੀਆਂ ਸਦੀਵੀ ਕਦਰਾਂ-ਕੀਮਤਾਂ ਨਾਲ ਜੁੜਨ ਲਈ ਪ੍ਰੇਰਿਤ ਕਰਦਾ ਆ ਰਿਹਾ ਹੈ। ਉਨ੍ਹਾਂ ਨੇ ਬੁਰਾਈ ਤੇ ਚੰਗਿਆਈ ਦੀ ਜਿੱਤ ਅਤੇ ਧਾਰਮਿਕਤਾ ਦੀ ਜਿੱਤ ਨੂੰ ਉਤਸ਼ਾਹਿਤ ਕਰਨ ਲਈ ਇਸ ਤਿਉਹਾਰ ਦੀ ਮਹੱਤਤਾ ਤੇ ਚਾਨਣਾ ਪਾਇਆ। ਰੰਧਾਵਾ ਨੇ ਕਿਹਾ ਕਿ ਸਾਨੂੰ ਭਗਵਾਨ ਰਾਮ ਦੇ ਜੀਵਨ ਤੋਂ ਪ੍ਰੇਰਨਾ ਲੈਣੀ ਹੋਵੇਗੀ ਅਤੇ ਇਹੀ ਸਾਡਾ ਸੱਭਿਆਚਾਰ ਹੈ। ਸਾਨੂੰ ਆਪਣੇ ਬੱਚਿਆਂ ਨੂੰ ਵੀ ਰਾਮਲੀਲਾ ਜ਼ਰੂਰ ਦਿਖਾਉਣੀ ਚਾਹੀਦੀ ਹੈ। ਮੈਨੂੰ ਯਾਦ ਹੈ ਜਦੋਂ ਅਸੀਂ ਛੋਟੇ ਹੁੰਦੇ ਸੀ, ਅਸੀਂ ਹਰ ਸਾਲ, ਹਰ ਰੋਜ਼ ਰਾਮਲੀਲਾ ਦੇਖਣ ਜਾਂਦੇ ਸੀ। ਇਸ ਲਈ, ਅਸੀਂ ਇਸ ਦੇ ਹਰ ਦ੍ਰਿਸ਼ ਨੂੰ ਯਾਦ ਕਰ ਲਿਆ ਸੀ। ਉਨ੍ਹਾਂ ਸਾਰਿਆਂ ਨੂੰ ਇਸ ਤਿਉਹਾਰ ਨੂੰ ਪਿਆਰ ਅਤੇ ਏਕਤਾ ਦਾ ਸੰਦੇਸ਼ ਦਿੰਦੇ ਹੋਏ ਖੁਸ਼ੀਆਂ ਅਤੇ ਸਦਭਾਵਨਾ ਨਾਲ ਮਨਾਉਣ ਦੀ ਅਪੀਲ ਵੀ ਕੀਤੀ। ਵਿਧਾਇਕ ਰੰਧਾਵਾ ਨੇ ਡੇਰਾਬੱਸੀ ਵਿੱਚ ਰਾਮਲੀਲਾ ਪ੍ਰੋਗਰਾਮਾਂ ਦੇ ਪ੍ਰਬੰਧਕਾਂ ਵੱਲੋਂ ਇਸ ਪ੍ਰੰਪਰਾ ਨੂੰ ਜਿਉਂਦਾ ਰੱਖਣ ਲਈ ਕੀਤੇ ਯਤਨਾਂ ਲਈ ਧੰਨਵਾਦ ਵੀ ਪ੍ਰਗਟਾਇਆ। ਉਨ੍ਹਾਂ ਸਮਾਗਮ ਨੂੰ ਸਫਲ ਬਣਾਉਣ ਲਈ ਉਨ੍ਹਾਂ ਦੀ ਲਗਨ ਅਤੇ ਮਿਹਨਤ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਸਮਾਗਮਾਂ ਨੂੰ ਭਾਰਤ ਦੀ ਸੱਭਿਆਚਾਰਕ ਵਿਭਿੰਨਤਾ ਦੀ ਸਹੀ ਪ੍ਰਤੀਨਿਧਤਾ ਕਰਨ ਲਈ ਸਥਾਨਕ ਭਾਈਚਾਰੇ ਦੀ ਸ਼ਮੂਲੀਅਤ ਦੀ ਵੀ ਸ਼ਲਾਘਾ ਕੀਤੀ।



ਵਿਧਾਇਕ ਰੰਧਾਵਾ ਨੇ ਸਭ ਨੂੰ ਖੁਸ਼ਹਾਲ ਅਤੇ ਖੁਸ਼ਹਾਲ ਦੁਸਹਿਰੇ ਦੀ ਸ਼ੁਭਕਾਮਨਾਵਾਂ ਦਿੰਦੇ ਹੋਏ ਆਪਣੇ ਭਾਸ਼ਣ ਦੀ ਸਮਾਪਤੀ ਕੀਤੀ। ਉਨ੍ਹਾਂ ਸਾਰਿਆਂ ਨੂੰ ਇਸ ਤਿਉਹਾਰ ਦੀਆਂ ਕਦਰਾਂ-ਕੀਮਤਾਂ ਨੂੰ ਬਰਕਰਾਰ ਰੱਖਣ ਅਤੇ ਪਿਆਰ, ਸ਼ਾਂਤੀ ਅਤੇ ਸਦਭਾਵਨਾ ਦਾ ਸੰਦੇਸ਼ ਫੈਲਾਉਣ ਦੀ ਅਪੀਲ ਕੀਤੀ। ਇਸ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਸ਼ਮੂਲੀਅਤ ਕੀਤੀ ਜੋ ਕਿ ਦੁਸਹਿਰੇ ਦੀ ਭਾਵਨਾ ਦਾ ਸੱਚਾ ਪ੍ਰਤੀਬਿੰਬ ਸੀ। ਇਸ ਮੌਕੇ ਰਾਮਲੀਲਾ ਕਮੇਟੀਆਂ ਵੱਲੋਂ ਵਿਧਾਇਕ ਰੰਧਾਵਾ ਨੂੰ ਸਨਮਾਨਿਤ ਕੀਤਾ ਗਿਆ।

# ਪੰਜਾਬ ਟਰੇਡਰਜ਼ ਕਮਿਸ਼ਨ ਦੇ ਮੈਂਬਰ ਵਿਨੀਤ ਵਰਮਾ ਦੇ ਦਖਲ ਨੇ ਅਨੀਤਾ ਨੂੰ ਨਕਲੀ ਪੈਰ ਲਗਵਾਉਣ ਵਿੱਚ ਮਦਦ ਕੀਤੀ



ਮੋਹਾਲੀ,(ਲੋਕ ਬਾਣੀ)
ਪੰਜਾਬ ਟਰੇਡਰਜ਼ ਕਮਿਸ਼ਨ ਦੇ ਮੈਂਬਰ ਵਿਨੀਤ ਵਰਮਾ ਦਾ ਦਖਲ ਆਖਰਕਾਰ ਅਨੀਤਾ ਲਈ ਆਪਣਾ ਸੱਜਾ ਟ੍ਰਾਂਸ ਫੈਮੋਰਲ ਪ੍ਰੋਸਥੇਸਿਸ (ਨਕਲੀ ਅੰਗ) ਲਗਵਾਉਣ ਵਿੱਚ ਮਦਦਗਾਰ ਸਾਬਤ ਹੋਇਆ, ਜਿਸ ਲਈ ਉਹ ਲੰਬੇ ਸਮੇਂ ਤੋਂ ਉਡੀਕ ਕਰ ਰਹੀ ਸੀ।

ਵੇਰਵਿਆਂ ਦਾ ਖੁਲਾਸਾ ਕਰਦੇ ਹੋਏ, ਵਿਨੀਤ ਵਰਮਾ ਨੇ ਦੱਸਿਆ ਕਿ ਅਨੀਤਾ (ਰਾਕੇਸ਼ ਕੁਮਾਰ, ਈ ਐੱਸ ਆਈ ਸੀ ਲਾਭਪਾਤਰੀ) ਦਾ ਕੇਸ ਉਸ ਦੇ ਖਰਾਬ ਹੋਏ ਸੱਜੇ ਬਣਾਵਟੀ ਪੈਰ ਨੂੰ ਬਦਲਣ ਦੀ ਪ੍ਰਵਾਨਗੀ ਲੈਣ ਲਈ ਡਾਇਰੈਕਸ਼ਨ ਹੈਲਥ ਸਰਵਿਸਿਜ਼ (ਈ ਐੱਸ ਆਈ) ਕੋਲ 3.49 ਲੱਖ ਰੁਪਏ ਦੀ ਮਨਜ਼ੂਰੀ ਲਈ ਚਾਰ ਮਹੀਨੇ ਤੋਂ ਲੰਬਿਤ ਪਿਆ ਸੀ। ਜਦੋਂ ਇਹ ਮਾਮਲਾ ਮੁਹਾਲੀ ਇੰਡਸਟਰੀ ਐਸੋਸੀਏਸ਼ਨ ਦੀ ਲੇਬਰ ਲਾਅ ਕਮੇਟੀ ਦੇ ਚੇਅਰਮੈਨ ਜਸਬੀਰ ਸਿੰਘ ਵੱਲੋਂ ਟਰੇਡਰਜ਼ ਕਮਿਸ਼ਨ ਦੇ ਮੈਂਬਰ ਵਰਮਾ ਦੇ ਧਿਆਨ ਵਿੱਚ ਲਿਆਂਦਾ ਗਿਆ ਤਾਂ ਗਰੀਬ ਔਰਤ ਦੀ ਇਸ ਪੀੜਾ ਨੂੰ ਮੁੱਖ ਮੰਤਰੀ ਦਫ਼ਤਰ ਦੇ ਧਿਆਨ ਵਿੱਚ ਲਿਆਂਦਾ ਗਿਆ, ਜਿਨ੍ਹਾਂ ਨੇ ਦਖਲ ਦੇ ਕੇ ਸਬੰਧਤ ਦਫ਼ਤਰ ਤੋਂ ਜਲਦੀ ਹੀ ਅਨੀਤਾ ਦੀ ਫਾਈਲ ਨੂੰ ਪਾਸ ਕਰਵਾ ਦਿੱਤਾ।

ਮੈਂਬਰ ਵਰਮਾ ਨੇ ਕਿਹਾ ਕਿ ਪਹਿਲਾਂ ਮਨਜ਼ੂਰ ਕੀਤੀ ਰਕਮ ਅਤੇ ਨਕਲੀ ਅੰਗ ਲਗਾਉਣ ਦੀ ਅਸਲ ਅਦਾਇਗੀ ਵਿੱਚ ਬਹੁਤ ਅੰਤਰ ਸੀ ਅਤੇ ਇਸ ਤਕਨੀਕੀ ਖ਼ਾਮੀ ਕਾਰਨ ਉਹ ਆਪਣਾ ਨਕਲੀ ਅੰਗ ਨਹੀਂ ਲਗਵਾ ਪਾਈ।

ਹੁਣ, ਪ੍ਰਵਾਨਿਤ ਰਕਮ ਵਿੱਚ ਅੰਸ਼ਿਕ ਸੋਧ ਨਾਲ ਖ਼ਾਮੀਆਂ ਨੂੰ ਦੂਰ ਕਰਨ ਤੋਂ ਬਾਅਦ, ਅਨੀਤਾ ਨੇ ਆਪਣਾ ਨਕਲੀ ਪੈਰ ਲਗਵਾ ਲਿਆ ਹੈ ਅਤੇ ਹੁਣ ਆਰਾਮ ਨਾਲ ਤੁਰਨ ਦੇ ਕਾਬਿਲ ਹੋ ਗਈ ਹੈ।

ਅਨੀਤਾ ਅਤੇ ਉਸਦੇ ਪਤੀ ਨੇ ਕੱਲ੍ਹ ਪੰਜਾਬ ਸਟੇਟ ਟਰੇਡਰਜ਼ ਕਮਿਸ਼ਨ ਦੇ ਮੈਂਬਰ ਨਾਲ ਮੁਲਾਕਾਤ ਕਰਕੇ ਉਸਦੀ ਸਮੱਸਿਆ ਦੇ ਹੱਲ ਲਈ ਉਨ੍ਹਾਂ ਵੱਲੋਂ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ।

# ਖਤਰੀ ਸਭਾ ਮਹਿਲਾ ਮੰਡਲ ਅਤੇ ਖਤਰੀ ਸਭਾ ਵੱਲੋਂ ਖਤਰੀ ਦਿਵਸ ਤੇ ਕਰਵਾਇਆ ਸ਼ਸਤਰ ਪੂਜਾ ਪ੍ਰੋਗਰਾਮ

ਅੰਮ੍ਰਿਤਸਰ(ਲੋਕ ਬਾਣੀ) ਦੁਸਹਿਰੇ ਦੇ ਤਿਉਹਾਰ ਤੇ ਸ਼ਸਤਰ ਪੂਜਾ ਦੇ ਮੱਹਤਵ ਤੋਂ ਜਾਣੂ ਕਰਵਾਉਣ ਦੇ ਉਦੇਸ਼ ਨਾਲ ਖਤਰੀ ਸਭਾ ਮਹਿਲਾ ਮੰਡਲ ਅਤੇ ਖਤਰੀ ਸਭਾ ਵੱਲੋਂ ਮਹਿਲਾ ਮੰਡਲ ਸੰਰਕਸ਼ਕ ਸ਼੍ਰੀਮਤੀ ਮਧੂ ਲਕਸ਼ਮੀ ਖੰਨਾ, ਖਤਰੀ ਸਭਾ ਅਧਿਅਕਸ਼ ਸ਼੍ਰੀ ਜਗਦੀਸ਼ ਅਰੋੜਾ, ਮਹਿਲਾ ਅਧਿਅਕਸ਼ ਡਾ. ਸਵਰਾਜ ਗਰੋਵਰ, ਮਹਾ ਸਚਿਵ ਸ਼੍ਰੀ ਦਿਨੇਸ਼ ਖੰਨਾ, ਅਖਿਲਾ ਭਾਰਤੀ ਖਤਰੀ ਮਹਾ ਸਭਾ ਦੇ ਮਹਾਸਚਿਵ ਸ਼੍ਰੀ ਸੁਨੀਲ ਖੰਨਾ, ਉਪਾਧਿਅਕਸ਼ ਸ਼੍ਰੀ ਦੀਪਕ ਰਾਏ ਮੇਹਰਾ, ਸਚਿਵ ਡਾਲੀ ਭਾਟਿਆ, ਸਲਾਹਕਾਰ ਡਾ. ਪ੍ਰੋ. ਕਿਰਨ ਖੰਨਾ ਵੱਲੋਂ ਪੂਜਾ ਵੈਦਿਕ ਮੰਤਰਾ ਨਾਲ ਕਰਵਾਈ ਗਈ। ਸ਼ਸਤਰ ਪੂਜਾ ਵਿੱਚ ਡਾ. ਪ੍ਰੋ. ਰੋਹਨੀ ਖੰਨਾ, ਅੰਜੂ ਖੰਨਾ, ਰਮਨ ਸ਼ਰਮਾ, ਮੰਜੀਤ ਠਿੰਡ, ਰਮੇਸ਼ ਕਪੂਰ, ਸੁਧੀਰ ਕਪਾਹੀ, ਸ਼ਾਮ ਸੁੰਦਰ ਕਪੂਰ, ਰਾਕੇਸ਼ ਖੰਨਾ, ਸੋਨਿਆ ਚੌਹਾਨ, ਡਿੰਪਲ ਸ਼ਰਮਾ, ਗੀਨਾਂ, ਡਾ. ਇੰਦੂ ਵਰਮਾ, ਡਾ. ਜਸਪ੍ਰੀਤ ਕੋਹਲੀ, ਰਾਕੇਸ਼ ਸੇਠ, ਵਨਿਤਾ ਮਹਾਜਨ, ਸਨੇਹ ਅਰੋੜਾ, ਸ਼੍ਰੀਮਤੀ ਤਰਸੇਮ, ਅਤੁਲ ਪੂਰੀ, ਐਸ.ਕੇ ਸਰਪਾਲ, ਰਵਿੰਦਰ ਅਰੋੜਾ, ਦਲਜੀਤ ਸਿੰਘ ਕੋਹਲੀ, ਪੰਕਜ ਖੰਨਾ, ਅਸ਼ੋਕ ਸਰਪਾਲ, ਅਰੁਣ ਮਹਾਜਨ, ਹਰਸ਼ ਆਨੰਦ, ਜਗਦੀਸ਼ ਮਲਹੋਤਰਾ, ਸੁਧੀਰ ਅਰੋੜਾ, ਡਾ. ਅਮਨ ਅਰੋੜਾ, ਨਿਧੀ ਸਰੀਨ, ਰਜਨੀ ਨੇ ਧਾਰਮਿਕ ਮੰਤਰ ਪੜ ਕੇ ਪੂਜਾ ਵਿੱਚ ਮੁੱਖ ਭੂਮਿਕਾ ਨਿਭਾਈ। ਸਾਰੇ ਅਧਿਕਾਰੀਆਂ ਨੇ ਸ਼੍ਰੀ ਰਾਮਚੰਦਰ ਦੀਆਂ ਮਰਿਆਦਾ, ਉਹਨਾਂ ਦੇ ਉਪਦੇਸ਼ਾ ਅਤੇ ਆਦਰਸ਼ਾ ਨੂੰ ਅਪਣਾ ਕੇ ਸਾਮਾਜਿਕ ਬੁਰਾਇਆਂ, ਭ੍ਰਿਸ਼ਟਾਚਾਰ, ਨਸ਼ਾ ਆਦਿ ਨੂੰ ਪੂਰੀ ਤਰਾਂ ਖਤਮ ਕਰਕੇ ਦੁਬਾਰਾ ਰਾਮ ਰਾਜ ਲਿਆ ਕੇ ਭਾਰਤ ਨੂੰ ਵਿਸ਼ਵ ਗੁਰੂ ਦਾ ਦਰਜਾ ਦਿਵਾਉਣ ਦਾ ਸੰਕਲਪ ਲਿਆ ਅਤੇ ਜੈ ਸ਼੍ਰੀ ਰਾਮ ਦੇ ਨਾਰੇ ਅਤੇ ਪ੍ਰਸ਼ਾਦ ਵੰਡ ਕੇ ਪ੍ਰੋਗਰਾਮ ਸਮਾਪਤ ਕੀਤਾ ਗਿਆ।



SHAHEED BABA NIHAL SINGH CHARITABLE HOSPITAL
Near Gurudwara Talhan, VPO-Talhan, Distt. Jalandhar, Ph. 0181-2770808
Ambulance Service 24hrs.
FACILITIES AVAILABLE
I.C.C.U. (Intensive Cardiac Care Unit), Indoor Facies Ultrasound Scan, Gyane & Obstetrical Operations, Surgierles, Neonatal ICU (Incubator Phototherapy) Well Equipped Laboratory, Nebulizer for Asthma Patients, Ortho & Spine Surgeon, Special Clinic for Skin & V.D., SIDS & HIV Patients, ECG, Dental Facilites, Eye Operations
Free Medicine for 9am to 5pm

JSDC GROUP
ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ
82880 21797
82880 21798
178, ਪੁਲਿਸ ਲਾਈਨ ਰੋਡ, ਰਣਜੀਤ ਨਗਰ, ਜਲੰਧਰ - ਇੰਡੋ ਕੈਨੇਡੀਅਨ ਬੱਸ ਦਫਤਰ ਦੇ ਨੇੜੇ
ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਮਾਨਤਾ ਪ੍ਰਾਪਤ ਭਰਤੀ ਏਜੰਸੀ | ਲਾਇਸੰਸ ਨੰ: B-1303/PUN/PER/1000+/5/9437/2018
WWW.JSDCGROUP.COM
ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਉਂਟਸ ਨੂੰ ਫਾਲੋ ਕਰੋ
JSDC GROUP - INDIA

INNOCENT HEARTS GROUP OF INSTITUTIONS
Learning Today... Leading Tomorrow !
150+ Placements in Session 2022-23
18+ MOUs with Industries
upto 100% Scholarship Schemes*
Offering 20+ Programmes
Management | Commerce | Information Technology
Hospitality | Medical Lab | Healthcare Sciences
Enroll for Session 2023-24
1800-833-4600
87250-33447
www.ihgi.in

St. Soldier GROUP OF INSTITUTIONS
SINCE 1958
EDUCATIONAL 64 YEARS EXCELLENCE
MORE THAN
• 56 Colleges & Schools • 200 Merit Positions
• 125 Companies For Placements
• 75 Academic Courses
• 2000 Placements In 2022 - 2023
• 42000 Students From All Over India
CANADIAN PATHWAY PROGRAMS
FREE BUS SERVICE FOR ALL COLLEGE STUDENTS FOR ALL ROUTES
ENGINEERING (B.Tech - M.Tech*)
• Mechanical Engg.* • Electrical Engg. • Civil Engg. • Computer Science Engg.* • Tool Engg. • B.Voc Hardware and Networking • Electronics & Comm. Engg. • Automobile Engg.
HOTEL MANAGEMENT
• B.Sc (H&HA) Hospitality and Hotel Administration • BHMCT Hotel Management & Catering Technology • BTTM Tourism and Travel Management • MHMCT Masters in Hotel Management and Catering Technology • One Year Courses (Food Production, Bakery, F&B Services, Front Office)
MANAGEMENT & COMMERCE
• MBA • BBA • B.Sc. (Cyber Security) • M.Com.(Prof.) • BCom. (Reg/Prof.)
DEGREE COURSES
• BA • B.Com. • BBA • D.C.A. • PGDCA • BCA / B.Sc. (IT)
PARAMEDICAL COURSES
• M.Pharmacy • B.Pharmacy • B. Sc. MLS • D.Pharmacy • Diploma in MLT • M.Sc MLS • Bachelor of Physiotherapy • MSC (Medical Microbiology, Biochemistry) • BSC Medical Technology - Anesthesia & Operation Theater* • BSC Operation Theater Technology* • BSC Radiology and Imaging Technology*
POLYTECHNIC DIPLOMA
IN JALANDHAR & CHABBEWAL HOSHIARPUR
• Tool & Die Making • Electronics & Comm. Engg. • Civil Engg. • Mechanical, Electrical, Computer Engg. • Automobile Engg. • Mechatronics Diploma in Polytechnic • Diploma in Architectural Assistance Ship
MEDIA & FASHION
• B.Sc Fashion Technology • B.Sc. Mass Comm. & Journalism • B.Sc. Multimedia
INFORMATION TECHNOLOGY
• MCA • BCA • BSc.IT • PGDCA • DCA
LAW
• BA.LLB. • B.COM. LLB • BBA.LLB. • LLB
• PG DIPLOMA IN CYBER LAW
TEACHER / PHYSICAL EDUCATION
• BPES • B.Ed.• D.El.Ed.• B.P.Ed. • D.P.Ed
NURSING TRAINING
• General Nursing & Midwifery (GNM)
ARCHITECTURE
• B. Architecture
INDUSTRIAL TRAINING INSTITUTE
• Electrician • COPA • Welder • Carpenter • Plumber • Vehicle Motor Mechanic • Architecture Draftsman • Diesel Mechanic • Refrigeration & AC
/stsoldiergroup
www.stsoldiergroup.com
LATERAL ENTRY ADMISSION INTO SECOND YEAR AVAILABLE
Now ANIMATION & SOCIAL MEDIA Courses Available
CORP. OFFICE : 680-L MODEL TOWN, JALANDHAR.
M: 9814003681 | 9814003652 | 9814345025 | 9914464565